ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

# ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦ੍ਵਾਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

ਕਲਿਜੁਗ ਮੈਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।

www.sribhainisahib.com ਜਿਲਦ-23 ਨੰਬਰ-40

8 ਤੋਂ 14 ਮਾਘ 2072 - 21 to 27 January 2016 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 200

## ਅੰਮ੍ਰਿਤ ਬਚਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

### ਸਤਿਗੁਰੂ ਮਰਯਾਦਾ ਦੱਸੀ



ਸਤਿਗੁਰੂ ਦੀ ਮਰਯਾਦਾ-ਸਤਿਗੁਰਾਂ ਨੇ ਤੁਹਾਨੂੰ ਦੱਸੀ, ਸਤਿਗੁਰਾਂ ਨੇ ਤੁਹਾਡੇ ਤੇ ਕ੍ਰਿਪਾ ਕਰੀ। ਇਹ ਪਰਉਪਕਾਰ-ਕਲਯੁਗ ਦਾ ਸਮਾਂ, ਗੁਰੂ ਨਾਨਕ ਦੇਵ ਨੇ ਆ ਕੇ, ਆਪਣੇ ਜਾਮੇਂ ਧਾਰ-ਧਾਰ ਕੇ; ਤਕਲੀਫਾਂ ਝੱਲ ਕੇ, ਲੋਕਾਂ ਦੀਆਂ ਗਾਲ੍ਹਾਂ ਝੱਲ ਕੇ ਲੋਕਾਂ ਦੇ ਮਿਹਣੇ ਝੱਲ ਕੇ ਕੀਤਾ।



## ਦਿੱਲੀ ਵਿਖੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਨੂੰ ਖਾਲਸਾਈ ਰੂਪ ਦੇ ਕੇ ਜਾਬਰ ਤੇ ਜਬਰ ਨਾਲ ਲੜਨ ਦੀ ਤਾਕਤ ਦੇਣ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਪੁਰਬ ਪੁਰੇ ਵਿਸ਼ਵ ਭਰ ਚ ਵਸਦੇ ਸਿੱਖਾਂ ਦੁਆਰਾ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ ਇਸ ਲੜੀ ਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇੱਕ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਜਾਂਦਾ ਹੈ। ਇਹ ਨਗਰ ਕੀਰਤਨ ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਤੋਂ ਸਵੇਰੇ 6 ਵਜੇ ਆਰੰਭ ਹੋ ਕੇ ਰਾਤ ਤਕ ਛੋਟੇ ਸਾਹਿਬਜ਼ਾਦਿਆਂ ਦੇ ਗੁਰੂਦੁਆਰੇ ਜੇਲ ਰੋਡ ਹਰੀ ਨਗਰ ਤਕ ਦੀ ਯਾਤਰਾ ਕਰਦਾ ਸੰਪੰਨ ਹੁੰਦਾ ਹੈ।

ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪ੍ਰਬੰਧਕ ਕਮੇਟੀ ਵਲੋਂ ਨਾਮਧਾਰੀ ਸੰਗਤ ਦੇ ਪ੍ਰਧਾਨ ਸਾਧਾ ਸਿੰਘ ਹੁਰਾਂ ਨੂੰ ਇਸ ਨਗਰ ਕੀਰਤਨ ਵਿੱਚ ਨਾਮਧਾਰੀ ਕੀਰਤਨ ਜਥਾ ਲੈਕੇ ਸ਼ਾਮਲ ਹੋਣ ਲਈ ਸਦਾ ਪਤਰ ਭੇਜਿਆ ਗਿਆ। ਪ੍ਰਬੰਧ ਕਮੇਟੀ ਦੇ ਮੀਤ ਪ੍ਰਧਾਨ ਸਰਦਾਰ ਸਤਪਾਲ ਸਿੰਘ ਨੇ ਵੀ ਆਪ ਫੋਨ ਰਾਹੀ ਸੰਪਰਕ ਕਰ ਜਥੇ ਦੇ ਸ਼ਾਮਲ ਹੋਣ ਲਈ ਆਖਿਆ।

ਮਿਤੀ 10 ਜਨਵਰੀ 2016 ਨਾਮਧਾਰੀ ਸੰਗਤ ਦਿੱਲੀ ਅਤੇ ਨਾਮਧਾਰੀ ਵਿਦਿਅਕ ਜਥਾ ਦਿੱਲੀ ਜ਼ੋਨ ਵਲੋਂ ਇਸ ਨਗਰ ਕੀਰਤਨ ਲਈ ਵਿਸ਼ੇਸ਼ ਤਿਆਰੀਆਂ ਕੀਤੀਆਂ ਗਈਆ। ਜਥੇ ਦੇ ਨਗਰ ਕੀਰਤਨ ਚ ਸ਼ਾਮਲ ਹੋਣ ਲਈ ਇੱਕ 40 ਫੁਟਾਂ ਟ੍ਰਾਲਾ ਫੁਲਾਂ ਅਤੇ ਬੈਨਰਾਂ ਨਾਲ ਸਜਾਇਆ ਗਿਆ। ਇਸ ਦੇ ਚਾਰੋ ਪਾਸੇ ਸੁੱਰਖਿਆ ਦੇ ਤੋਰ ਤੇ ਇੱਕ ਲੋਹੇ ਦੀ ਰੇਲਿੰਗ ਲਾਈ ਗਈ ਜਿਸ ਦੀ ਸੇਵਾ ਸ. ਖੁਸ਼ਵਿੰਦਰ ਸਿੰਘ ਅਤੇ ਖੁਸ਼ਾਲ ਸਿੰਘ ਨੇ ਨਿਭਾਈ। ਫੁਲਾਂ ਨਾਲ ਸਜੇ ਟ੍ਰਾਲੇ ਚ ਸਾਉਂਡ ਸਿਸਟਮ ਲਾਇਆ ਗਿਆ ਅਤੇ ਸਵੇਰੇ 8 ਵਜੇ ਪ੍ਰਧਾਨ ਸਾਧਾ ਸਿੰਘ ਦੀ ਅਗਵਾਈ ਹੇਠ ਅਰਦਾਸ ਕਰਕੇ ਇਸ ਟ੍ਰਾਲੇ ਨੂੰ ਨਗਰ ਕੀਰਤਨ ਚ ਸ਼ਾਮਲ ਹੋਣ ਲਈ ਰਵਾਨਾ ਕੀਤਾ ਗਿਆ। ਜਿਸ ਨਾਲ ਇੱਕ ਜਰਨੇਟਰ ਲੈ ਕੇ ਜਾਣ ਵਾਸਤੇ ਛੋਟੀ ਗੜੀ ਦੀ ਸੇਵਾ ਸੰਤ ਨਰਿੰਦਰ ਸਿੰਘ ਨੇ ਕੀਤੀ। ਟ੍ਰਾਲੇ ਚ ਜਥੇਦਾਰ ਦੀਵਾਨ ਲਗਾਉਂਦੇ ਧਾਰਨਾ ਪੜ੍ਹਦੇ ਛੈਣੇ ਢੋਲਕੀਆਂ ਅਤੇ ਦਰਬਾਂ ਵਜਾ ਕੇ ਕੀਰਤਨ ਕਰਦੇ ਇਸ ਨਗਰ ਕੀਰਤਨ ਦੇ ਅਕਰਸ਼ਨ ਦਾ ਕੇਂਦਰ ਬਣੇ। ਟ੍ਰਾਲੇ ਤੇ ਬੈਠੇ ਜਥੇਦਾਰਾਂ ਦਾ ਵੇਰਵਾ- ਰਾਗੀ ਮਨਜੀਤ ਸਿੰਘ, ਜ: ਨਿਸ਼ਾਨ ਸਿੰਘ, ਜ: ਦਰਸ਼ਨ ਸਿੰਘ, ਜ:ਦਲਜੀਤ ਸਿੰਘ, ਸਰਦਾਰਾ ਸਿੰਘ, ਅਤਰ ਸਿੰਘ, ਨੰਨਤਾ ਸਿੰਘ, ਬਲਦੇਵ ਸਿੰਘ ਪ੍ਰਿੰਸ, ਆਸਾ ਸਿੰਘ (ਤਿਨੋ ਢੋਲਕ ਵਾਦਨ), ਬੀਬੀਆਂ ਦੇ ਜਥੇ ਦੀ ਅਗਵਾਈ ਬੀਬੀ ਨਰਿੰਦਰ ਕੌਰ ਸੱਕਤਰ.ਵਿ.ਨਾ.ਵਿ.ਜਥਾ ਨੇ ਕੀਤੀ।

(ਬਾਕੀ ਸਫਾ 2 'ਤੇ)

## ਫਤਿਹਗੜ੍ਹ ਸਾਹਿਬ ਵਿਖੇ ਸ਼ਹੀਦੀ ਮੇਲਾ

ਫਤਿਹਗੜ੍ਹ ਸਾਹਿਬ- ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਯਾਦ ਵਿਚ ਸ਼ਹੀਦੀ ਮੇਲਾ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਬਹੁਤ ਵਾਰੀ ਇਸ ਮੇਲੇ ਵਿਚ ਦਰਸ਼ਨ ਦੇਣ ਦੀ ਕਿਰਪਾ ਕੀਤੀ ਸੀ। ਇਕ ਸਮਾਂ ਸੀ ਜਦੋਂ ਇਸ ਮੇਲੇ ਨੂੰ ਸਭ ਤੋਂ ਪਹਿਲਾਂ ਸੰਤ ਕੇਹਰ ਸਿਘ ਰੋਪੜ ਵਾਲੇ (ਸੰਤ ਭਗਵੰਤ ਸਿੰਘ ਤੇ ਸੂਬਾ ਸੁਰਿੰਦਰ ਕੌਰ ਦੇ ਪਿਤਾ ਜੀ) ਇਸ ਮੇਲੇ ਨੂੰ ਮਨਾਉਣ ਦੀ ਸੇਵਾ ਕਰਦੇ ਰਹੇ। ਪਿੰਡ ਬਹਾਦਰਗੜ੍ਹ ਵਿਖੇ ਸੰਤ ਸੁਦਾਗਰ ਸਿੰਘ ਦੇ ਗ੍ਰਹਿ ਵਿਖੇ ਲੰਗਰ ਕਰਦੇ ਹੁੰਦੇ ਸਨ। ਉਸ ਵੇਲੇ (ਤਕਰੀਬਨ) 1972-73 ਦੀ ਗਲ ਹੈ, ਉਦੋਂ ਇਨੇ ਪੈਸੇ ਵੀ ਨਹੀਂ ਹੁੰਦੇ ਸਨ। ਸੰਤ ਕੇਹਰ ਸਿੰਘ ਰੋਪੜ ਤੋਂ ਹੀ ਟੈਂਟ - ਸਪੀਕਰ - ਲੰਗਰ ਦਾ ਸਮਾਨ ਲੈ ਕੇ ਆਉਂਦੇ ਸਨ। ਉਸ ਤੋਂ ਬਾਅਦ 1974 ਤੋਂ ਬਾਅਦ ਸੰਤ ਸੁਦਾਗਰ ਸਿੰਘ ਹੋਰਾਂ ਨੂੰ ਇਹ ਮੇਲਾ ਕਰਨ ਦਾ ਅਵਸਰ ਪ੍ਰਾਪਤ ਹੋਇਆ। ਇਕ ਸਮਾਂ ਆਇਆ ਜਦੋਂ ਸੰਤ ਸੁਦਾਗਰ ਸਿੰਘ ਦੇ ਪਰਿਵਾਰ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ 'ਚ ਇਹ ਮੇਲਾ ਨਾ ਕਰਨ ਦੀ ਅਸਮਰੱਥਾ ਪ੍ਰਗਟਾਈ। ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਹੁਕਮ ਕੀਤਾ ਇਹ ਮੇਲਾ ਤੁਸੀਂ ਹੀ ਕਰਨਾ ਹੈ, ਪੈਸੇ ਭਾਵੇਂ ਮੇਰੇ ਕੋਲੋਂ ਲੈ ਜਾਇਉ। ਇਹ ਸਤਿਗੁਰੂ ਜੀ ਦੀ ਖੇਡ ਹੀ ਹੁੰਦੀ ਹੈ ਕਿਸ ਨੂੰ ਸੇਵਾ ਬਖਸ਼ਣੀ ਹੈ, ਕਿਸ ਤੋਂ ਲੈਣੀ ਹੈ ਇਹ ਉਹੀ ਜਾਣਦਾ ਹੈ। ਉਸ ਦੀ ਖੇਡ ਨੂੰ ਕੋਈ ਜਾਣ ਨਹੀਂ ਸਕਦਾ। ਉਹ ਸਮਾਂ ਸੀ ਅੱਜ ਇਹ ਵੀ ਸਮਾਂ ਹੈ। ਅੱਜ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਅੱਜ ਮੇਲਾ ਕਰਵਾਉਣ ਲਈ ਸੁੰਦਰ ਜਗਾ ਬਣ ਗਈ ਹੈ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਕਿਰਪਾ ਕਰ ਰਹੇ ਹਨ। ਉਹਨਾਂ ਦੀ ਛਤਰ ਛਾਇਆ ਹੇਠ ਇਹ ਮੇਲਾ ਮਨਾਇਆ ਗਿਆ।



ਫਤਿਹਗੜ੍ਹ ਸਾਹਿਬ ਵਿਖੇ ਮੇਲੇ ਦੀ ਸਮਾਪਤੀ ਸਮੇਂ ਅਰਦਾਸ ਵਿੱਚ ਸ਼ਾਮਿਲ ਸ੍ਰੀ ਸਤਿਗੁਰੂ ਜੀ, ਸਿੱਖ ਸੇਵਕ ਅਤੇ ਸਾਧ-ਸੰਗਤ-27 ਦਸੰਬਰ 2015

ਆਸਾ ਦੀ ਵਾਰ- ਦਾ ਮਨੋਹਰ ਕੀਰਤਨ ਜਥੇਦਾਰ ਅਮਰੀਕ ਸਿੰਘ ਤੇ ਸਾਥੀ ਰਾਗੀ ਸਿੰਘਾਂ ਨੇ ਢੋਲਕੀ ਛੈਣਿਆਂ ਨਾਲ ਹੱਲੇ ਦਾ ਵਾਰਾ ਲਗਾਇਆ। ਉਪਰੰਤ ਸ਼ਹੀਦਾਂ ਦੀ ਯਾਦ ਵਿਚ ਹਵਨ ਆਯੋਜਿਤ ਕੀਤਾ ਗਿਆ ਤੇ ਸਧਾਰਨ ਪਾਠਾਂ ਦੇ ਭੋਗ ਪਾਏ ਗਏ।

(ਬਾਕੀ ਸਫਾ 2 'ਤੇ)

## ਫਤਿਹਗੜ੍ਹ ਸਾਹਿਬ ਸ਼ਹੀਦੀ ਮੇਲਾ....(ਬਾਕੀ ਸਫਾ 1 ਦੀ)



**ਮੇਲੇ ਦੀ ਸੇਵਾ ਕਰਾਉਣ ਵਾਲੇ ਗਿਆਨੀ ਜੋਗਿੰਦਰ ਸਿੰਘ ਪਰਿਵਾਰ ਸਮੇਤ ਸ੍ਰੀ ਸਤਿਗੁਰੂ ਜੀ ਦਾ ਸ਼ੁਕਰਾਨਾ ਕਰਦੇ ਹੋਏ।**



**ਮੇਲੇ ਵਿਚ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਦਾ ਅਨੰਦ ਪ੍ਰਾਪਤ ਕਰਦੀ ਸਾਧ ਸੰਗਤ।**

ਸਾਧ ਸੰਗਤ ਨੇ ਦੂਰ ਦੁਰਾਡੇ ਤੋਂ ਆਕੇ ਸਾਹਿਬਜ਼ਾਦਿਆਂ ਦੀ ਪਾਵਨ ਧਰਤੀ ਨੂੰ ਨਮਸਕਾਰ ਕੀਤੀ ਤੇ ਆਪਣੀ ਹਾਜ਼ਰੀ ਲੁਆਈ।

**ਹੱਲੇ ਦੇ ਦਿਵਾਨ–** ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਯਾਦ ਵਿਚ ਸੂਬਾ ਅਜੀਤ ਸਿੰਘ ਬਟਾਲਾ, ਸੂਬਾ ਨਿਰੰਜਨ ਸਿੰਘ ਟਮਕੌਦੀ, ਬਲਵਿੰਦਰ ਸਿੰਘ, ਕਮਲਾ ਸਿੰਘ, ਗੁਰਸੇਵਕ ਸਿੰਘ, ਨਿਰਮਲ ਸਿੰਘ ਨੇ ਹੱਲੇ ਦੇ ਦਿਵਾਨ ਸਜਾਏ। ਦੁਪਹਿਰ ਵੇਲੇ 1 ਘੰਟਾ ਨਿਤਨੇਮ ਕੀਤਾ ਗਿਆ। ਰਾਗੀ ਸਿੰਘਾਂ ਨੇ ਕੀਰਤਨ ਗਾਇਨ ਕੀਤਾ।

ਸੂਬਾ ਹਰਭਜਨ ਸਿੰਘ ਨੇ ਸ੍ਰੀ ਸਤਿਗੁਰੂ ਜੀ ਨੂੰ ਜੀ ਆਇਆਂ ਆਖਿਆ ਤੇ ਸਾਧ ਸੰਗਤ ਦਾ ਧੰਨਵਾਦ ਕੀਤਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਾਵਨ ਪਵਿੱਤਰ ਟੇਪ ਉਪਦੇਸ਼ ਸਰਵਨ ਕੀਤਾ ਗਿਆ। ਗਿਆਨੀ ਜੋਗਿੰਦਰ ਸਿੰਘ, ਸੰਤ ਸੁਰਿੰਦਰ ਸਿੰਘ, ਸੂਬਾ ਹਰਭਜਨ ਸਿੰਘ, ਗੁਰਮੁਖ ਸਿੰਘ ਰਹਿਬਰ, ਜੀ. ਪੀ. ਸਿੰਘ ਪਰਿਵਾਰ ਤੇ ਸਾਥੀ ਸਿੰਘਾਂ ਨੇ ਆਕੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ 'ਚ ਤਿਲਫੁੱਲ ਭੇਟ ਕੀਤਾ।

**ਸਾਹਿਬਜ਼ਾਦਿਆਂ ਦੀ ਸ਼ਹਾਦਤ–** ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਕਦੀ ਭੁਲਾਇਆ ਨਹੀਂ ਜਾ ਸਕਦਾ। ਉਹਨਾਂ ਦੀ ਸ਼ਹਾਦਤ ਸਦਾ ਚਾਨਣ ਮੁਨਾਰਾ ਰਹੇਗੀ। ਉਹਨਾਂ ਨੇ ਈਨ ਨਹੀਂ ਮੰਨੀ। ਆਪਣੀਆਂ ਪਿਆਰੀਆਂ ਜਾਨਾਂ ਨਿਛਾਵਰ ਕਰ ਦਿੱਤੀਆਂ। ਅਜ ਸਾਰਾ ਸੰਸਾਰ ਇਸ ਮੇਲੇ ਤੇ ਆਕੇ ਸ਼ਹੀਦਾਂ ਨੂ ਨਤਮਸਤਕ ਹੁੰਦਾ ਹੈ।

**ਲੰਗਰ–** ਸਵੇਰ ਤੋਂ ਸ਼ਾਮ ਤਕ ਗੁਰੂ ਕਾ ਲੰਗਰ ਅਤੁਟ ਵਰਤਿਆ। ਸੋਧੀਆਂ ਦਾ ਲੰਗਰ ਵੀ ਵਰਤਦਾ ਰਿਹਾ।

ਇਸ ਮੇਲੇ ਵਿਚ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਦਰਸ਼ਨ ਦੇ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ। ਸਾਰੀ ਸਗਤ ਨੇ ਵਾਰੋ ਵਾਰੀ ਆਕੇ ਨਮਸਕਾਰ ਕੀਤੀ। ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਮੇਲਾ ਨਿਰਵਿਘਨ ਸਮਾਪਤ ਹੋਇਆ।

**ਪਵਿੱਤਰ ਉਪਦੇਸ–** ਸ੍ਰੀ ਸਤਿਗੁਰੂ ਜੀ ਨੇ ਪਾਵਨ ਪਵਿੱਤਰ ਉਪਦੇਸ਼ ਸਾਧ ਸੰਗਤ ਦੇ ਭਲੇ ਲਈ ਦਿੱਤਾ। (ਸਫਾ 3 ਤੇ ਦੇਖੋ) **–ਗੁਰਦੇਵ ਸਿੰਘ ਚੀਮਾਂ**

**ਸਕੱਤਰ ਵਿ. ਨਾ. ਵਿ. ਜਥਾ, ਸ੍ਰੀ ਭੈਣੀ ਸਾਹਿਬ**



**ਦਿੱਲੀ ਵਿਖੇ ਕੱਢੇ ਗਏ ਨਗਰ ਕੀਰਤਨ ਸਮੇਂ ਨਾਮਧਾਰੀ ਸੰਗਤ ਵਲੋਂ ਲਾਏ ਸਟਾਲ ਵਿਚ ਸ. ਮਨਜੀਤ ਸਿੰਘ ਜੀ. ਕੇ. (ਪ੍ਰਧਾਨ ਦਿ. ਸਿ. ਗੁ. ਪ੍ਰ. ਕਮੇਟੀ), ਸ. ਸਤਪਾਲ ਸਿੰਘ (ਮੀਤ ਪ੍ਰਧਾਨ ਦਿ. ਸਿ. ਗੁ. ਪ੍ਰ. ਕਮੇਟੀ) ਨਾਮਧਾਰੀ ਸੰਗਤ ਨਾਲ ਪ੍ਰਸੰਨ ਮੁਦਰਾ ਵਿਚ।**

## ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ....(ਬਾਕੀ ਸਫਾ 1 ਦੀ)



**ਨਗਰ ਕੀਰਤਨ ਸਮੇਂ ਨਾਮਧਾਰੀ ਸਾਧ ਸੰਗਤ ਦਿਵਾਨ ਲਾਉਂਦੀ ਹੋਈ।**


ਟ੍ਰਾਲੇ ਦੇ ਨਾਲ ਨਾਲ ਹਰਪਾਲ ਸਿੰਘ ਸੱਕਤਰ.ਵਿ.ਨਾ.ਵਿ.ਜਥਾ, ਅਜੇਪਾਲ ਸਿੰਘ ਪ੍ਰਧਾਨ.ਵਿ.ਨਾ.ਵਿ.ਜਥਾ ਰਮੇਸ਼ ਨਗਰ, ਗੁਰਮੁੱਖ ਸਿੰਘ ਪ੍ਰਧਾਨ.ਵਿ.ਨਾ.ਵਿ.ਜਥਾ ਸਾਹਿਬਪੁਰਾ, ਜੁਝਾਰ ਸਿੰਘ ਖ਼ਜਾਨਚੀ ਨਾਮਧਾਰੀ ਸੰਗਤ ਦਿੱਲੀ, ਸੰਤ ਇੰਦਰਜੀਤ ਸਿੰਘ ਮੱਲੂਵਾਲ, ਜੀਵਨਜੋਤ ਸਿੰਘ ਆਦਿ ਬਹੁਤ ਸਾਰੀ ਸੰਗਤ ਸੀ। ਜਥੇ ਦਾ ਵੱਖ-ਵੱਖ ਇਲਾਕਿਆਂ ਚ ਲਗੇ ਸਟਾਲਾਂ ਅਤੇ ਵੱਖ-ਵੱਖ ਜਥੇ ਬੰਦੀਆਂ ਨੇ ਹਾਰ ਤੇ ਸਿਰੋਪਾ ਪਾਕੇ ਸਵਾਗਤ ਕੀਤਾ।

**ਨਾਮਧਾਰੀ ਨੌਜਵਾਨਾਂ ਵਲੋਂ ਪ੍ਰਸ਼ਾਦ ਦੀ ਸੇਵਾ:–** ਨਾਮਧਾਰੀ ਕਾਲੋਨੀ ਦੇ ਨਾਲ ਨਜਫਗੜ੍ਹ ਰੋੜ, ਤੇ ਨਾਮਧਾਰੀ ਵਿਦਿਅਕ ਜਥੇ ਅਤੇ ਹੋਰ ਨੌਜਵਾਨਾਂ ਵਲੋਂ ਗੁਲਾਬ ਜਾਮੁਨ ਆਦਿ ਦੇ ਪ੍ਰਸ਼ਾਦ ਦਾ ਸਟਾਲ ਲਾਇਆ ਗਿਆ। ਇਸ ਸੇਵਾ ਨੂੰ ਨਿਭਾਉਂਣ ਵਾਲੇ ਪ੍ਰੱਮੁਖ ਸਨ: ਸਰਵ ਸ. ਹਰਵਿੰਦਰ ਸਿੰਘ ਵਿਕੀ, ਇਕਬਾਲ ਸਿੰਘ, ਚਰਨਜੀਤ ਸਿੰਘ, ਤਰਸੇਮ ਸਿੰਘ, ਚਰਨਜੀਤ ਸਿੰਘ ਰਾਜਾ, ਗੁਰਮੀਤ ਸਿੰਘ ਪਿੰਟਾ, ਆਦਿ। ਇਸ ਸਟਾਲ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਮਨਜੀਤ ਸਿੰਘ ਜੀ.ਕੇ, ਸ. ਸਤਪਾਲ ਸਿੰਘ ਮੀਤ ਪ੍ਰਧਾਨ ਆਦਿ ਨੇ ਵੀ ਹਾਜ਼ਰੀ ਲਵਾਈ ਜਿਹਨਾਂ ਨਾਲ ਹਰਨਾਮ ਕੌਰ ਸਪੁੱਤਰੀ ਹਰਵਿੰਦਰ ਸਿੰਘ ਵਿਕੀ ਨੇ ਗਲਬਾਤ ਕੀਤੀ ਹਰਨਾਮ ਕੌਰ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਤੋਂ Central Councilor ਦੀ ਸੀਟ ਜੀਤੀ ਹੈ। ਇਸ ਸਟਾਲ ਕੋਲ ਜਦੋਂ ਨਾਮਧਾਰੀ ਜਥੇ ਦਾ ਟ੍ਰਾਲਾ ਪਹੁੰਚਿਆ ਤਾ ਹੋਰ ਇਕੱਠੀ ਹੋਈ ਨਾਮਧਾਰੀ ਸੰਗਤ ਨੇ ਭਰਵਾ ਸਵਾਗਤ ਕੀਤਾ।

ਇਸ ਨਗਰ ਕੀਰਤਨ ਚ ਇੱਕ ਸਟਾਲ ਕੁਲਦੀਪ ਸਿੰਘ ਚਾਨਾ ਇੱਕ ਸਟਾਲ ਗੁਰਅਮ੍ਰਿਤ ਸਿੰਘ ਮੀਤ ਪ੍ਰਧਾਨ ਨਾ.ਵਿ.ਜ. ਰਮੇਸ਼ ਨਗਰ ਨੇ ਵੀ ਲਾਇਆ ਸੀ।

ਇਸ ਤਰ੍ਹਾਂ ਆਪਸੀ ਮੇਲ ਮਿਲਾਪ ਕਰਦਿਆਂ ਨਾਮਧਾਰੀ ਸੰਗਤ ਦਿੱਲੀ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਦਿਹਾੜਾ ਮਨਾਇਆ। ਹਰਪਾਲ ਸਿੰਘ ਸੋਧੀ

# ਮਹੰਤ ਭੁਪਿੰਦਰ ਸਿੰਘ ਨੂੰ ਸ਼ਹੀਦੀ ਸਮਾਰਕ ਦੀ ਮਹੰਤੀ ਬਖਸ਼ੀ



**ਮਲੇਰਕੋਟਲਾ–** ਸ਼ਰਧਾ ਪ੍ਰੇਮ ਤੇ ਪਰਉਪਕਾਰ ਦੀ ਨਿਸ਼ਕਾਮ ਭਾਵਨਾ ਨਾਲ ਕੀਤੀ ਸੇਵਾ ਗੁਰੂ ਘਰ ਪ੍ਰਵਾਨ ਹੁੰਦੀ ਹੈ। ਵੱਡੇ ਭਾਗ ਹੋਣ ਤਾਂ ਸਿੱਖ ਨੂੰ ਇਹ ਸੇਵਾ ਮਿਲਦੀ ਹੈ ਸੇਵਾ ਕਰਨ ਨਾਲ ਮਨ ਪਵਿੱਤਰ ਹੋ ਜਾਂਦਾ ਹੈ। ਭਾਈ ਮਨੀ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਹੁਕਮ ਕੀਤਾ ਭਾਈ ਮਨੀਆ, ਭਾਂਡੇ ਮਾਂਜਿਆ ਕਰ ਜਿਵੇਂ ਜਿਵੇਂ ਭਾਂਡੇ ਮਾਂਜੇਂਗਾ ਤੇਰਾ ਮਨ ਵੀ ਸਾਫ ਹੋ ਜਾਵੇਗਾ। ਇਹ ਸੇਵਾ ਦੀ ਇੰਨੀ ਵਡੀ ਮਹਾਨਤਾ ਹੈ। ਮਹੰਤ ਸੰਤੋਖ ਸਿੰਘ ਨੇ ਆਪਣੀ ਸਾਰੀ ਜ਼ਿੰਦਰੀ ਗੁਰੂ ਘਰ ਵਿਚ ਸੇਵਾ ਕਰਕੇ ਬਿਤਾਈ। ਉਹਨਾਂ ਤੋਂ ਬਾਅਦ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਮਹੰਤ ਭੁਪਿੰਦਰ ਸਿੰਘ ਨੂੰ ਮਲੇਰਕੋਟਲੇ ਸ਼ਹੀਦੀ ਸਾਮਰਕ ਦੀ ਮਹੰਤੀ ਦੀ ਸੇਵਾ ਬਖਸ਼ੀ। ਸ੍ਰੀ ਸਤਿਗੁਰੂ ਜੀ ਨੇ ਆਪਣੇ ਕਰ ਕਮਲਾਂ ਨਾਲ ਉਹਨਾਂ ਨੂੰ ਦਸਤਾਰ ਸਜਾਈ। ਮਹੰਤ ਭੁਪਿੰਦਰ ਸਿੰਘ ਤੇ ਸ੍ਰੀ ਸਤਿਗੁਰੂ ਜੀ ਦੀ ਅਪਾਰ ਕਿਰਪਾ ਹੈ। ਆਪ ਜੀ ਦਾ ਜਨਮ ਪਿੰਡ ਭੱਟੀਆਂ ਕਲਾ ਨੇੜੇ ਭਾਈ ਕੀਆਂ ਬਾਗੜੀਆਂ ਜ਼ਿਲਾ ਸੰਗਰੂਰ ਵਿਚ ਹੋਇਆ। ਗੁਰੂ ਘਰ ਨਾਲ ਸ਼ੁਰੂ ਤੋਂ ਹੀ ਲਗਨ ਸੀ। ਆਪ ਜੀ ਹਮੇਸ਼ਾਂ ਮਹੰਤ ਸੰਤੋਖ ਸਿੰਘ ਨਾਲ ਸੇਵਾ ਕਰਦੇ ਰਹਿੰਦੇ ਸਨ। ਇਕ ਵਾਰੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪ ਜੀ ਨੂੰ ਹੁਸ਼ਿਆਰਪੁਰ ਦੇ ਕੋਲ ਸ੍ਰੀ ਬੋਧ ਨੰਦ ਜੀ ਕੋਲ ਸੇਵਾ ਵਾਸਤੇ ਭੇਜਿਆ। ਉਥੇ ਕੁਝ ਚਿਰ ਸੇਵਾ ਕੀਤੀ। ਫਿਰ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਵਾਪਸ ਸ੍ਰੀ ਭੈਣੀ ਸਾਹਿਬ ਆ ਗਏ। ਇਥੇ ਸਵਾ ਲੱਖ ਪਾਠਾਂ ਵਿਚ ਸੇਵਾ ਕਰਦੇ ਰਹੇ। ਮਹੰਤ ਜੀ ਦੀਆਂ ਦੋ ਬੇਟੀਆਂ ਤੇ ਇਕ ਪੁੱਤਰ ਗੁਰਸੇਵਕ ਸਿੰਘ ਹੈ। ਘਰ ਵਾਲੀ ਜਗਦੀਸ਼ ਕੌਰ ਹੈ। ਸਾਰਾ ਪਰਿਵਾਰ ਆਈ ਸੰਗਤ ਦੀ ਅਥਾਹ ਸਤਿਕਾਰ ਤੇ ਸੇਵਾ ਕਰਦਾ ਹੈ। ਮਹੰਤ ਸੰਤੋਖ ਸਿੰਘ ਦੇ ਨਾਲ ਰਹਿਣ ਕਰਕੇ ਇਹਨਾਂ ਨੂੰ ਸੇਵਾ ਕਰਨ ਦੀ ਲਗਨ ਲੱਗੀ। ਅੱਜ ਉਹ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਮਹੰਤੀ ਦੀ ਸੇਵਾ ਨਿਭਾਉਣਗੇ। ਉਹਨਾਂ ਦਾ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਅਥਾਹ ਵਿਸ਼ਵਾਸ਼ ਹੈ, ਉਹਨਾਂ ਦਾ ਜੀਵਨ ਸੱਚਾ ਸੁੱਚਾ ਹੈ। ਸ੍ਰੀ ਸਤਿਗੁਰੂ ਜੀ ਕਿਰਪਾ ਕਰਨ ਉਹਨਾਂ ਨੂੰ ਇਸ ਸ਼ਹੀਦੀ ਮਲੇਰਕੋਟਲੇ ਦੀ ਸੇਵਾ ਕਰਨ ਦਾ ਬਲ ਬਖਸ਼ਣ,। **–ਗੁਰਦੇਵ ਸਿੰਘ ਚੀਮਾ**

# ਗੁਰ-ਉਪਦੇਸ਼

# ਸ੍ਰੀ ਸਤਿਗੁਰੂ ਉਦੈ ਸਿੰਘ ਜੀ

## ਦਸਵੇਂ ਪਾਤਸ਼ਾਹ ਨੇ ਆਪਨਾ ਸਾਰਾ ਪਰਿਵਾਰ ਆਪਣਾ ਪਿਤਾ ਇਸ ਸਿੱਖੀ ਵਾਸਤੇ ਵਾਰਿਆ



*ਸਾਧ ਸੰਗਤ ਜੀ ਸੂਬਾ ਜੀ ਨੇ ਤੁਹਾਨੂੰ ਦੱਸਿਆ ਹੈ ਕਿ ਸੱਚੇ ਪਾਤਸ਼ਾਹ ਜੀ ਨੇ, ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਨੇ ਕਿਸ ਤਰ੍ਹਾਂ ਕਿਰਪਾ ਕੀਤੀ, ਇਹ ਮੇਲਾ ਗਿਆਨੀ ਜੋਗਿੰਦਰ ਸਿੰਘ ਅਤੇ ਇਹਨਾਂ ਦੇ ਪਰਿਵਾਰ ਨੂੰ ਬਖਸ਼ਿਆ। ਇਹ ਉਹਨਾਂ ਦੀ ਕਿਰਪਾ ਹੁੰਦੀ ਏ ਤੇ ਸਾਡੀ ਛੋਟੀ ਬੁਧ ਹੁੰਦੀ ਹੈ, ਕਿ ਸਾਨੂੰ ਇਹ ਲਗਦਾ ਹੈ ਕਿ ਸਚੇ ਪਾਤਸ਼ਾਹ ਸਾਡੇ ਤੋਂ ਖਰਚਾ ਕਰਵਾਉਂਦੇ ਨੇ। ਉਹਨਾਂ ਸਾਡਾ ਕਿਸ ਤਰ੍ਹਾਂ ਭਲਾ ਕਰਨਾ ਏ। ਦੇਣ ਵਾਲਾ ਵੀ ਉਹੀ ਏ ਤੇ ਲੈਣ ਵਾਲਾ ਵੀ ਉਹੀ ਏ। ਉਹ ਬਖਸ਼ਿਸ਼ ਕਰਨ ਸਾਨੂੰ ਸੁਮਤ ਬਖਸ਼ਣ ਤੇ ਕਿਰਪਾ ਕਰਨ ਉਹਨਾਂ ਨੇ ਆਪਣੀ ਸੇਵਾ ਆਪੇ ਹੀ ਕਰਵਾਉਣੀ ਏ। ਇਹ ਤੁਹਾਡੇ ਸਾਹਮਣੇ ਇਕ ਬੜੀ ਵੱਡੀ ਉਦਾਹਰਣ ਏ ਕਿ ਉਹਨਾਂ ਦੀ ਸੇਵਾ ਕੀਤਿਆਂ, ਉਹਨਾਂ ਦਾ ਹੁਕਮ ਮੰਨਿਆ ਕਦੀ ਵੀ ਕੋਈ ਘਾਟਾ ਨਹੀਂ ਰਹਿੰਦਾ।*

*ਸਾਧ ਸੰਗਤ ਜੀ ਅਜ ਜਿਸ ਰੂਪ ਵਿਚ ਆਪਾਂ ਇਕਠੇ ਹੋਏ ਹਾਂ, ਉਹ ਸਿੱਖ ਇਤਿਹਾਸ ਦਾ ਬਹੁਤ ਵੱਡਾ ਦਿਨ ਏ। ਇਕ ਸ਼ੋਕ ਦਾ ਵੀ ਦਿਨ ਏ। ਜਿਸ ਸਤਿਗੁਰੂ ਸੱਚੇ ਪਾਤਸ਼ਾਹ ਨੇ ਆਪਣੇ ਸਪੁੱਤ੍ਰ ਇਸ ਸਿੱਖੀ ਲਈ ਵਾਰ ਦਿੱਤੇ ਆਓ ਉਹਨਾਂ ਨੂੰ ਯਾਦ ਕਰੀਏ, ਬੜੇ ਪਿਆਰ ਨਾਲ ਆਖੀਏ ਧੰਨ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ। ਇਸ ਨੂੰ ਬਹੁਤ ਤਰ੍ਹਾਂ ਦਾ ਮੇਲਿਆਂ ਵਿਚ ਮਨਾਇਆ ਜਾਂਦਾ ਹੈ। ਕੋਈ ਮਿਠਾਈ ਖਾਈ ਜਾਂਦੇ ਨੇ ਜਾਂ ਇਥੇ ਕੁਝ ਰੇੜੀਆਂ ਤੇ ਕੁਝ ਖਾਣ ਨੂੰ ਆਉਂਦਾ ਏ। ਪਰ ਜੇ ਆਪਾਂ ਵੇਖੀਏ ਕਿ ਕਿਡੀ ਵੱਡੀ ਘਟਨਾ ਹੋਈ ਏ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਦੇ ਸ਼ਬਦਾਂ ਵਿਚ ਗੁਰੂ ਗੋਬਿੰਦ ਸਿੰਘ ਕੋਈ ਆਪਣੀ ਜਗੀਰ ਨਹੀਂ ਸਨ ਬਣਾ ਰਹੇ। ਸੱਚੇ ਪਾਤਸ਼ਾਹ ਨੇ ਉਹ ਲੜਾਈ ਜਿਨ੍ਹੀ ਵੀ ਲੜੀ, ਕਿਲੇ ਵਿਚ ਲੜੀ, ਉਸ ਤੋਂ ਬਾਅਦ ਸਿਰਸਾ ਨਦੀ ਤੇ ਪਰਿਵਾਰ ਕਿਸ ਤਰ੍ਹਾਂ ਵੱਖੋ ਵੱਖਰਾ ਹੋ ਗਿਆ।*

*ਛੋਟੇ ਸਾਹਿਬਜ਼ਾਦੇ ਮਾਤਾ ਜੀ ਨਾਲ ਕਿਸ ਤਰ੍ਹਾਂ ਇਥੇ ਆਏ। ਤੁਸਾਂ ਸਾਰਾ ਇਹ ਇਤਿਹਾਸ ਸੁਣਿਆ ਹੋਣਾ ਹੈ, ਹਰ ਵਾਰੀ ਸੁਣਦੇ ਹੋ ਕਿ ਵੱਡੇ ਸਾਹਿਬਜ਼ਾਦੇ ਕਿਸ ਤਰ੍ਹਾਂ ਸ਼ਹੀਦ ਹੋਏ, ਛੋਟੇ ਸਾਹਿਬਜ਼ਾਦੇ ਕਿਸ ਤਰ੍ਹਾਂ ਸ਼ਹੀਦ ਹੋਏ। ਉਹ ਸਾਰਾ ਪਰਿਵਾਰ ਸੱਚੇ ਪਾਤਸ਼ਾਹ ਦਾ ਇਥੇ ਸ਼ਹੀਦ ਹੋ ਗਿਆ। ਆਪਾਂ ਯਾਦ ਵੀ ਇਸ ਕਰਕੇ ਕਰਦੇ ਹਾਂ ਇਸ ਕਰਕੇ ਨਹੀਂ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਸੀ। ਇਸ ਕਰਕੇ ਕਿ ਉਹ ਕੌਮ ਵਾਸਤੇ ਸ਼ਹੀਦ ਹੋਏ। ਅੱਜ ਆਪਾਂ ਉਹਨਾਂ ਦੀ ਯਾਦ ਵਿਚ ਇਥੇ ਇਕਠੇ ਹੋਏ ਹਾਂ। ਜਿਸ ਸਤਿਗੁਰੂ ਨੇ ਆਪਣਾ ਸਾਰਾ ਪਰਿਵਾਰ ਆਪਣਾ ਪਿਤਾ ਇਸ ਸਿੱਖੀ ਵਾਸਤੇ ਵਾਰਿਆ ਏ ਉਹਨਾਂ ਨੂੰ ਕੀ ਸ਼ਰਧਾਂਜਲੀ ਦੇ ਸਕਦੇ ਹਾਂ। ਇਹ ਸ਼ਰਧਾਂਜਲੀ ਹੈ ਕਿ ਜਿਨਾਂ ਵੀ ਹੋ ਸਕਦਾ ਹੈ ਆਪਾਂ ਉਹਨਾਂ ਸੱਚੇ ਪਾਤਸ਼ਾਹ ਜੀ ਦੀ ਦਿੱਤੀ ਹੋਈ ਸਿੱਖੀ ਨੂੰ ਸਾਂਭ ਕੇ ਰਖੀਏ। ਜੇ ਆਪਾਂ ਅੱਜ ਦੇ ਦਿਨ ਤੇ ਇਥੇ ਇਕੱਠੇ ਹੋਏ ਹਾਂ ਉਚੇਤ ਕਰਕੇ ਆਏ ਹਾਂ ਅਸੀਂ ਇਹ ਯਾਦ ਕਰ ਕੇ ਜਾਈਏ ਕਿ ਅੱਜ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਦਿਨ ਤੇ ਇਕੱਠੇ ਹੋਏ ਹਾਂ। ਅਸੀਂ ਵੀ ਉਹਨਾਂ ਦਾ ਹੁਕਮ ਮੰਨਦਿਆਂ ਹੋਇਆਂ ਜਿਸ ਸਿੱਖੀ ਵਾਸਤੇ ਉਹਨਾਂ ਨੇ ਆਪਣੇ ਸਾਹਿਬਜ਼ਾਦੇ ਵਾਰੇ ਨੇ ਅਸੀਂ ਵੀ ਉਸ ਸਿੱਖੀ ਵਿਚ ਦ੍ਰਿੜ ਹੋ ਕੇ ਰਹਿਣਾ ਹੈ। ਕਿਰਪਾ ਉਹਨਾਂ ਨੇ ਕਰਨੀ ਏ ਪਰ ਸਾਡਾ ਇਹ ਫਰਜ਼ ਏ ਕਿ ਆਪਾਂ ਉਹਨਾਂ ਦੇ ਚਰਨਾਂ ਵਿਚ ਅਰਦਾਸ ਕਰਕੇ ਮੰਗ ਜ਼ਰੂਰ ਸਕਦੇ ਹਾਂ ਕਿ ਸੱਚੇ ਪਾਤਸ਼ਾਹ ਕਿਰਪਾ ਕਰਨ, ਬਖਸ਼ਿਸ਼ ਕਰਨ ਆਉ ਇਕ ਵਾਰੀ ਉਸ ਸਚੇ ਪਾਤਸ਼ਾਹ ਨੂੰ ਵੀ ਯਾਦ ਕਰੀਏ ਜਿਹਨਾਂ ਨੇ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਜੀ ਦੀ ਦਿੱਤੀ ਹੋਈ ਸਿੱਖੀ ਨੂੰ ਮੁੜ ਪੰਜਾਬ ਵਿਚ ਸੁਰਜੀਤ ਕੀਤਾ ਤੇ ਇਹ ਰੂਪ ਦਿੱਤਾ। ਇਹ ਜਿਹੜੀ ਸਿਖੀ ਏ ਪਰ ਕੋਈ ਮੰਨਦਾ ਭਾਵੇਂ ਨਹੀਂ ਮੰਨਦਾ ਪਰ ਜਿਹੜੀ ਸਿੱਖੀ ਅਜ ਪੰਜਾਬ ਵਿਚ ਜੀਵਿਤ ਏ ਜਿਸ ਸਚੇ ਪਾਤਸ਼ਾਹ ਕਰਕੇ ਜੀਵਿਤ ਏ ਇਕ ਵਾਰੀ ਬੜੇ ਪਿਆਰ ਨਾਲ ਆਖੀਏ ਧੰਨ ਸ੍ਰੀ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ। ਡੇਢ ਮਹੀਨੇ ਬਾਅਦ ਆਪਾਂ ਉਹਨਾਂ ਸੱਚੇ ਪਾਤਸ਼ਾਹ ਦਾ 200 ਸਾਲਾਂ ਪ੍ਰਕਾਸ਼ ਪੁਰਬ ਵੀ ਮਨਾਉਣਾ ਹੈ। ਉਹਨਾਂ ਸੱਚੇ ਪਾਤਸ਼ਾਹ ਨੇ ਕਿਰਪਾ ਕੀਤੀ ਸਾਨੂੰ ਇਹ ਸਿਖੀ ਦੁਬਾਰਾ ਸੁਰਜੀਤ ਕਰਕੇ ਦ੍ਰਿੜ ਕਰਵਾਈ। ਮੈਂ ਸਮਝਦਾ ਉਸ ਟਾਈਮ ਤੇ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਨੇ ਵੀ ਇਹ ਲੜਾਈ, ਸਿਖੀ ਵਾਸਤੇ ਤਾਂ ਹੈ ਹੀ ਸੀ ਉਸਦੇ ਨਾਲ ਉਹ ਲੜਾਈ ਦੇਸ਼ ਦੀ ਆਜ਼ਾਦੀ ਦੀ ਵੀ ਸੀ। ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਵੀ ਚਾਹੁੰਦੇ ਤਾਂ ਉਸ ਟਾਈਮ ਰਿਆਸਤ ਲੈ ਕੇ ਬੈਠ ਸਕਦੇ ਸੀ। ਉਹ ਆਜ਼ਾਦੀ ਵਾਸਤੇ ਉਸ ਬੁਰਿਆਈ ਦੇ ਖਿਲਾਫ ਸੱਚੇ ਪਾਤਸ਼ਾਹ ਨੇ ਉਹ ਲੜਾਈ ਲੜੀ ਤੇ ਉਸੇ ਤਰ੍ਹਾਂ ਹੀ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਕ੍ਰਿਪਾ ਕੀਤੀ। ਉਹ ਬੁਰਿਆਈਆਂ ਵੀ ਖਤਮ ਕੀਤੀਆਂ ਤੇ ਅੰਗਰੇਜ਼ਾਂ ਦੇ ਵਿਰੁੱਧ ਉਹ ਲੜਾਈ ਜਾਰੀ ਰਖੀ। ਅਸੀਂ ਤੁਸੀਂ ਉਹਨਾਂ ਸੱਚੇ ਪਾਤਸ਼ਾਹ ਦੇ ਦਰਸ਼ਨ ਕੀਤੇ ਨੇ ਜਿਹਨਾਂ ਸਾਨੂੰ ਕੰਨੋ ਫੜ ਕੇ ਵੀ, ਸਾਨੂੰ ਪਿਆਰ ਨਾਲ ਵੀ, ਹਰ ਤਰ੍ਹਾਂ ਨਾਲ ਸਾਨੂੰ ਸਿੱਖੀ ਨਾਲ ਜੋੜ ਕੇ ਰਖਿਆ। ਉਸ ਸਤਿਗੁਰੂ ਸੱਚੇ ਪਾਤਸ਼ਾਹ ਨੂੰ ਇਕ ਵਾਰੀ ਯਾਦ ਕਰੋ ਸਾਰੇ ਬੜੇ ਪਿਆਰ ਨਾਲ ਆਖੋ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਸਚੇ ਪਾਤਸ਼ਾਹ। ਮੈਨੂੰ ਜਾਂ ਤਾਂ ਬੋਲਣਾ ਨਹੀਂ ਆਉਂਦਾ, ਇਤਿਹਾਸ ਵੀ ਨਹੀਂ ਆਉਂਦਾ। ਤੁਸੀਂ ਬਹੁਤ ਕੁਝ ਜਥੇਦਾਰਾਂ ਤੋਂ ਸੁਣਿਆ ਹੈ ਅਸਾਂ ਸਾਰਿਆਂ ਦਾ ਫਰਜ਼ ਏ ਕਿ ਆਪਾਂ ਉਹ ਸਭ ਕੁਝ ਯਾਦ ਰਖੀਏ। ਅਸੀਂ ਮੇਲੇ ਦੇ ਚਾਅ ਵਿਚ ਕੁਝ ਭੁੱਲ ਨਾ ਜਾਈਏ ਕਿ ਅੱਜ ਆਪਾਂ ਕਿਸ ਸ਼ਹੀਦੀ ਦਿਨ ਤੇ ਇਕਠੇ ਹੋਏ ਹਾਂ। ਅਸੀਂ ਇਹ ਪ੍ਰਣ ਕਰ ਕੇ ਜਾਈਏ ਕਿ ਮੇਰੀ ਸਿੱਖੀ ਅਜ ਮੈਂ ਹੋਰ ਵੀ ਪੱਕੀ ਕਰਨੀ ਏ। ਮੈਂ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਜੀ ਦੀ ਦਿੱਤੀ ਹੋਈ ਇਸ ਸਿੱਖੀ ਨੂੰ ਦ੍ਰਿੜ ਕਰਨਾ ਹੈ ਅਤੇ ਦ੍ਰਿੜ ਕਰਵਾਉਣਾ ਹੈ ਅਤੇ ਮੈਂ ਇਹ ਅਰਦਾਸ ਕਰਨੀ ਏ ਕ੍ਰਿਪਾ ਕਰ ਸੱਚੇ ਪਾਤਸ਼ਾਹ ਆਪਾਂ ਤੇਰੀ ਦਿੱਤੀ ਹੋਈ ਸਿੱਖੀ ਤੇ ਚਲ ਸਕੀਏ, ਤੇਰਾ ਹੁਕਮ ਮੰਨ ਸਕੀਏ। ਇੰਨੀ ਗੱਲ ਕਰਕੇ ਮੈਂ ਆਗਿਆ ਲੈਂਦਾ ਹਾਂ।*

*ਸਤਿ ਸ੍ਰੀ ਅਕਾਲ*

*27 ਦਸੰਬਰ 2015, ਫਤਿਹਗੜ੍ਹ ਸਾਹਿਬ*

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਰਾਈਆਂ ਦੇ ਟਿੱਬਿਆਂ ਚੋਂ ਇਕ ਸੂਰਜ ਚੜ੍ਹਿਆ ਸੀ,
ਦੇਸ਼ ਆਜ਼ਾਦੀ ਦਾ ਜਿਸ ਮਾਰਗ ਫੜ੍ਹਿਆ ਸੀ॥
ਲੱਥੀਆਂ ਦਸਤਾਰਾਂ ਨੂੰ ਉਸ ਸੀਸ ਟਿਕਾਇਆ ਸੀ,
ਸਿੱਖੀ ਦੇ ਬੂਟੇ ਦਾ ਇਕ ਰਾਖਾ ਆਇਆ ਸੀ॥

# ਜੰਗ-ਏ-ਆਜ਼ਾਦੀ ਦੇ ਮੋਢੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਦੂਸਰੀ ਪ੍ਰਕਾਸ਼ ਸ਼ਤਾਬਦੀ (1816-2016 ਈ:)

- ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਵਿਦੇਸ਼ੀ ਹਕੂਮਤ ਨਾਲ ਨਾ-ਮਿਲਵਰਤਨ ਅਤੇ ਬਾਈਕਾਟ ਨੂੰ ਰਾਜਨੀਤਕ ਹਥਿਆਰ ਵਜੋਂ ਵਰਤਣ ਵਾਲੇ ਪਹਿਲੇ ਭਾਰਤੀ।
- ਸੁਦੇਸ਼ੀ ਲਹਿਰ ਦੇ ਬਾਨੀ।
- ਦੇਸ਼ ਭਗਤਾਂ ਦੇ ਪ੍ਰੇਰਣਾ ਸਰੋਤ ਅਤੇ ਮਾਰਗ ਦਰਸ਼ਕ।



- ਸਿੱਖੀ-ਸਵੈਮਾਨ ਅਤੇ ਖਾਲਸਈ ਸ਼ਾਨ ਨੂੰ ਬੁਲੰਦੀਆਂ ਤੇ ਪਹੁੰਚਾਉਣ ਵਾਲੇ।
- ਗੁਰਮਤਿ ਅਨੰਦ ਮਰਿਯਾਦਾ ਦੇ ਸੰਸਥਾਪਕ।
- ਲੜਕੀਆਂ ਮਾਰਨ, ਵੇਚਣ, ਵੱਟਾ ਕਰਨ ਦੇ ਕਲੰਕ ਤੋਂ ਬਚਾਉਣ ਅਤੇ ਨਸ਼ਾ ਮੁਕਤ ਸਮਾਜ ਸਿਰਜਣ ਵਾਲੇ ਮਹਾਨ ਸਮਾਜ ਸੁਧਾਰਕ।

## ਕੌਮੀ ਪੱਧਰ ਤੇ ਇਤਿਹਾਸਕ ਸ਼ਤਾਬਦੀ ਸਮਾਗਮ

**30 ਮਾਘ 2072 ਮੁਤਾਬਿਕ 12 ਫਰਵਰੀ 2016, ਦਿਨ ਸ਼ੁਕਰਵਾਰ ਨੂੰ ਸ੍ਰੀ ਭੈਣੀ ਸਾਹਿਬ ਵਿਖੇ**

**ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ** ਕਿਰਪਾ ਬਖਸ਼ਿਸ਼ ਦੁਆਰਾ

**ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ** ਪਾਵਨ ਹਜ਼ੂਰੀ ਵਿਚ

ਅਤੇ **ਸਰਦਾਰ ਪਰਕਾਸ਼ ਸਿੰਘ ਬਾਦਲ ਮਾਨਯੋਗ ਮੁੱਖ ਮੰਤਰੀ ਪੰਜਾਬ** ਜੀ ਦੀ ਪ੍ਰਧਾਨਗੀ ਹੇਠ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ।

### ਪ੍ਰੋਗਰਾਮ

ਆਸਾ ਦੀ ਵਾਰ ਦਾ ਕੀਰਤਨ (ਅੰਮ੍ਰਿਤ ਵੇਲੇ), ਸਮਾਂ ਸਵੇਰੇ 4 ਵਜੇ ਤੋਂ 7 ਵਜੇ ਤੱਕ
ਉਪਰੰਤ ਹੱਲੇ ਦੇ ਦੀਵਾਨ, ਨਾਮ ਸਿਮਰਨ, ਕੀਰਤਨ ਸਮਾਂ ਸਵੇਰੇ 8 ਵਜੇ ਤੋਂ ਦੁਪਹਿਰ 1 ਵਜੇ ਤੱਕ
ਧਾਰਮਿਕ ਮਹਾਂ ਪੁਰਸ਼ਾਂ, ਵਿਦਵਾਨਾਂ, ਸਮਾਜਿਕ ਹਸਤੀਆਂ ਅਤੇ
ਰਾਜ ਨੇਤਾਵਾਂ ਦੇ ਵਖਿਆਨ, ਸਮਾਂ ਦੁਪਹਿਰ 1 ਵਜੇ ਤੋਂ 4 ਵਜੇ ਤੱਕ ਉਪਰੰਤ
ਸ੍ਰੀ ਸਤਿਗੁਰੂ ਜੀ ਦੇ ਪ੍ਰਵਚਨ

ਆਪ ਸਭ ਆਪਣੇ ਪਰਿਵਾਰ ਜਨਾਂ ਅਤੇ ਸੱਜਣਾਂ-ਮਿਤਰਾਂ ਸਹਿਤ ਇਸ ਕੌਮੀ ਪੱਧਰ ਦੇ ਇਤਿਹਾਸਕ ਸ਼ਤਾਬਦੀ ਮੇਲੇ ਤੇ ਜਰੂਰ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ

ਮੇਲੇ ਦਾ ਸਾਰਾ ਪ੍ਰੋਗਰਾਮ www.sribhainisahib.com ਤੇ ਲਾਈਵ ਹੋਵੇਗਾ ਅਤੇ ਹੋਰ ਟੀ.ਵੀ ਚੈਨਲਾਂ ਤੇ ਵੀ ਇਸ ਦਾ ਪ੍ਰਸਾਰਨ ਹੋਵੇਗਾ


ਸਵੇਰੇ ਆਸਾ ਦੀ ਵਾਰ ਅਤੇ ਦੁਪਹਿਰੇ 1-4 ਵਜੇ ਦਾ ਪ੍ਰੋਗਰਾਮ ਦਿਸ਼ਾ ਟੀ.ਵੀ ਤੇ ਸਿੱਧਾ ਪ੍ਰਸਾਰਨ ਹੋਵੇਗਾ।

ਜਾਰੀ ਕਰਤਾ
ਵਿਸ਼ਵ ਨਾਮਧਾਰੀ ਸੰਗਤ - ਸ੍ਰੀ ਭੈਣੀ ਸਾਹਿਬ,
ਸੰਪਰਕ - ਸੰਤ ਸੁਰਿੰਦਰ ਸਿੰਘ ਨਾਮਧਾਰੀ (98722-13113), ਗੁਰਮੁਖ ਸਿੰਘ 'ਰਹਿਬਰ' (98158-80400)
Email : vnvj@sribhainisahib.com

**ਮੇਲੇ ਦੀ ਸੇਵਾ : ਸੰਤ ਸੁਰਿੰਦਰ ਸਿੰਘ ਭਾਈ ਜੀ ਲੁਧਿਆਣਾ**

# JAGMOHAN STILL UNFIT, JAIL AUTHORITIES TELL COURT

SATJUG
ESTABLISHED IN 1920



Car bomb acccused Hardeep Singh being produced in court in Jalandhar on Tuesday. Photo: Sarabjit Singh.

**Tribune News Service**
**Jalandhar, December 29**

The car bomb blast accused Jagmohan Singh has again been declared unfit by the jail authorities due to which the Jalandhar rural police still have to wait for more days to get him on police remand. Even the judicial custody of another accused Hardeep Singh has been extended till January 12.

The police wanted to take both of them on production warrant to conduct joint interrogation to inquire about the Sirsa-based men who supplied them the bomb.

The court has told the police now to produce Jagmohan in court on December 31. If by the said date, the hospital of Modern Jail Kapurthala terms him fit for taking him on production warrant, the court may issue a warrant.

Mandeep Singh Sachdev, counsel of Hardeep and Jagmohan, said the court had assured that Jagmohan's production warrant depends on the jail hospital's fitness report.

On December 25, the police could not get the production warrant of Jagmohan due to his ill health. The court had then sought the medical report from the Superintendent of Jail (SP) Kapurthala. Then court had stated, "Let report regarding the physical condition and health of the accused as well as medical facilities available at the jail hospital in Modern Jail Kapurthala for the treatment of the accused as regards the injuries suffered by accused be called from the SP (Jail) Kapurthala."

An explosion in a Swift Dzire car had blown up the lower portion of the body of Ajay Sharma, alias Bittu (36), a clothing merchant sitting next to Jagmohan Singh (45) of Gadaipur, who was driving the car on December 4 night on the outskirts of the Maqsudan area in Dugri village, 22 km from here.

Ajay had died on the spot, while Jagmohan had sustained serious hand injuries. After the blast, Jagmohan had been telling the police that their car was stopped by some bike-borne men and a bomb was thrown into the car, which exploded and killed Ajay. However, the police completely discarded his theory and booked Jagmohan under the Explosives Act.

In the interrogation of Hardeep, he had told the police that they had planned to kill a famous religious guru in the state and for that purpose, Ajay and Jagmohan had agreed to become "suicide bomber" to kill the religious personality.

On December 4, Ajay and Jagmohan had gone to test the bomb in the fields near Dugri, but it exploded in the car itself.

## MATRIMONIALS

**Alliance invited for girl, 27 5 feet 4 inches, B.B.A., M.B.A. (Finance and HR), working in Indi Hiri Consultancy as a Recruiter.**
**Contact: 9810747095, 9953168231 Post Box: 993**

❖❖❖

**Suitable girl required for Namdhari boy, 28, 5 feet 9 inches, B.Tech., own business.**
**Contact: 9650206778 / 9311136808 Post Box-994**

❖❖❖

**Alliance invited for Namdhari girl, 24, 5 feet 5 inches, pursuing Masters in East Asian Studies (final Year) from Delhi University.**
**Contact: 9650206778 / 9311136808 Post Box-995**

❖❖❖

**Indian / NRI well settled and educated alliance from respectable family is invited for very beautiful, slim well mannered, convent educated Namdhari girl from well settled business family, 25, 5' feet 5 inches, MBA. Forward profile with recent photograph.**
**Contact : +91-97799-63943, Post Box-996**
**E-mail:singh57.namdhari@yahoo.com**

❖❖❖

**Well settled Canadian family looking for professionally educated girl (willing to settle in Canada) for their handsome son, 29, 5 feet 11 inches, pursuing career in Real Estate.**
**Contact: 0061430906565 Post Box-997**
**E-mail soniabamrah@hotmail.com**

❖❖❖

**Alliance invited for Namdhari boy, 32, 5 feet 10 inches, B.Tech. (Mechanical Engineering), own business.**
**Contact: 9891639939 Post Box: 998**

**SATJUG**
**Namdhari Gurdwara Ramesh Nagar, New Delhi-15**
**e-mail : satjugweekly@gmail.com**

# ਫਗਵਾੜਾ ਅਤੇ ਲੁਧਿਆਣਾ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਛੋੜੇ ਦਾ ਦਿਨ ਮਨਾਇਆ



**ਸ੍ਰੀ ਸਤਿਗੁਰੂ ਜੀ ਦੀ ਯਾਦ ਵਿਚ ਬੀਬੀ ਵੀਰਪਾਲ ਕੌਰ, ਸ਼ਰਨਜੀਤ ਕੌਰ, ਰਜਵਿੰਦਰ ਕੌਰ ਗੀਤ ਗਾਉਂਦੀਆਂ ਹੋਈਆਂ।**

13 ਦਸੰਬਰ 2012 ਸਮਾਂ 6.28 ਸ਼ਾਮ ਮੱਸਿਆ ਦੀ ਕਾਲੀ ਉਹ ਮਨਹੂਸ ਰਾਤ ਜਿਸਨੇ ਸਾਡੇ ਮਹਿਬੂਬ ਸਤਿਗੁਰੂ ਧੰਨ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਾਡੇ ਪਾਸੋਂ ਸਦਾ ਲਈ ਖੋਹ ਲਿਆ ਸੀ ਉਹ ਵਿਛੋੜੇ ਦੀ ਰਾਤ ਸਾਨੂੰ ਰਹਿੰਦੀ ਦੁਨੀਆਂ ਤੱਕ ਨਹੀਂ ਭੁੱਲਣੀ। ਉਹ ਸਤਿਗੁਰੂ ਜਿਸਦੀ ਨਿੱਘੀ ਬੁੱਕਲ ਵਿੱਚ ਸਾਧ ਸੰਗਤ ਨੇ 53 ਸਾਲਾਂ ਤੋਂ ਵੱਧ ਸਮਾ ਆਨੰਦ ਮਾਣਿਆ ਉਸ ਮਹਾਨ ਸਤਿਗੁਰੂ ਦਾ ਵਿਛੋੜਾ ਕੋਈ ਛੋਟੀ ਜਿਹੀ ਗੱਲ ਨਹੀਂ ਸੀ ਅੱਜ ਵੀ ਜਦੋਂ ਉਹ ਭਿਆਨਕ ਡਰਾਉਣੀ ਰਾਤ ਦੀ ਯਾਦ ਆਉਂਦੀ ਹੈ ਤਾਂ ਸਾਡੇ ਦਿਲ ਦਹਿਲ ਜਾਂਦੇ ਹਨ।

ਅੱਜ 13 ਦਸੰਬਰ 2015 ਨੂੰ ਉਸ ਮਹਾਨ ਰੱਬੀ ਜੋਤ ਸਤਿਗੁਰੂ ਦੀ ਯਾਦ ਵਿਚ ਨਾਮਧਾਰੀ ਧਰਮਸ਼ਾਲਾ ਫਗਵਾੜਾ ਵਿਖੇ ਵਿਛੋੜੇ ਦਾ ਦਿਨ ਬੜੀ ਸ਼ਰਧਾ ਨਾਲ ਮਨਾਇਆ ਗਿਆ। ਠੀਕ ਸ਼ਾਮੀ 6 ਵਜੇ ਨਿਤਨੇਮ ਦੀ ਅਰਦਾਸ ਹੋਈ। ਸਭ ਮਾਈ ਭਾਈ ਅਤੇ ਬੱਚੇ ਬੱਚੀਆਂ ਆਸਣ ਵਿਛਾ ਕੇ ਆਪਣੇ ਪਿਆਰੇ ਸਤਿਗੁਰੂ ਦੀ ਯਾਦ ਵਿਚ ਜੁੱਟ ਗਏ। ਇਸ ਦੌਰਾਨ ਛੋਟੇ ਛੋਟੇ ਬੱਚੇ ਬੱਚੀਆਂ ਅਤੇ ਨੌਜਵਾਨਾਂ ਨੇ ਤਕਰੀਬਨ 9 ਵਜੇ ਕਵਿਤਾਵਾਂ ਗੀਤ ਅਤੇ ਦਿਵਾਨ ਸਜਾ ਕੇ ਆਪਣੇ ਪਿਆਰੇ ਸਤਿਗੁਰੂ ਨੂੰ ਯਾਦ ਕੀਤਾ। ਸਭ ਤੋਂ ਪਹਿਲਾਂ ਕਾਕਾ ਗੁਰਮੀਤ ਸਿੰਘ ਤੇ ਕਾਕਾ ਗੁਰਬਖਸ਼ ਸਿੰਘ ਨੇ *'ਤੂੰ ਬੇਅੰਤ ਤੇਰੀ ਮਿਤ ਨਾ ਜਾਣਾ'* ਸ਼ਬਦ ਦੀ ਧਾਰਨਾ ਲਾ ਕੇ 15 ਕੁ ਮਿੰਟ ਦਾ ਦਿਵਾਨ ਸਜਾਇਆ। ਉਸ ਤੋਂ ਬਾਅਦ ਬੀਬੀ ਵੀਰਪਾਲ ਕੌਰ ਅਤੇ ਰਜਵਿੰਦਰ ਕੌਰ ਨੇ-

*ਭੁਲਦੀ ਨਹੀਂ ਸਾਨੂੰ ਉਹਦੀ ਯਾਦ, ਕੀ ਕੀਤਾ ਰੱਬਾ ਸਾਡੇ ਨਾਲ।*

ਇਕ ਗੀਤ ਗਾਇਆ। ਬੀਬੀ ਸ਼ਮਿੰਦਰ ਕੌਰ ਨੇ-

*ਉਹ ਬੋਲਦਾ ਬੋਲਦਾ ਚੁੱਪ ਹੋ ਗਿਆ ਸ਼ਾਮੀ ਹੀ ਹਨ੍ਹੇਰਾ ਘੁੱਪ ਹੋ ਗਿਆ।*

ਇਕ ਗੀਤ ਗਾਇਆ। ਉਪਰੰਤ ਬੀਬੀ ਕੁਲਜੀਤ ਕੌਰ ਨੇ-

*ਮੇਰੇ ਸੋਹਣੇ ਗੁਰੂ ਜਗਜੀਤ ਜੀਉ ਤੇਰੀ ਯਾਦ ਬੜਾ ਤੜਫਾਉਂਦੀ ਏ।*
*ਕਿਹੜੀ ਗੱਲੋਂ ਛੱਡ ਕੇ ਤੁਰ ਚਲੀਓਂ ਜਿੰਦ ਕੂੰਜ ਵਾਂਗ ਕੁਰਲਾਉਂਦੀ ਏ।*

ਇਕ ਗੀਤ ਪੜ੍ਹਿਆ। ਇਹਨਾਂ ਤੋਂ ਬਾਅਦ ਸੰਤ ਸਵਰਨ ਸਿੰਘ ਨੇ ਹਾਰਮੋਨੀਅਮ ਵਜਾ ਕੇ ਇਕ ਗੀਤ ਪੜ੍ਹਿਆ ਜਿਸਦੇ ਬੋਲ ਸਨ-

*ਗੁਰੂ ਜਗਜੀਤ ਜੱਗ ਬੜਾ ਹੀ ਏ ਰੋਇਆ,*
*ਸਾਤੋਂ ਜੀਅ ਵੀ ਨਾ ਹੋਇਆ, ਸਾਤੋਂ ਮਰ ਵੀ ਨਾ ਹੋਇਆ।*

ਤਬਲੇ ਤੇ ਇਹਨਾਂ ਦਾ ਸਾਥ ਸੰਤ ਜਸਕਰਨ ਸਿੰਘ ਨੇ ਦਿੱਤਾ। ਸੰਤ ਕੁਲਵੰਤ ਸਿੰਘ ਅਤੇ ਸੰਤ ਲਖਵਿੰਦਰ ਸਿੰਘ ਨੇ- ਰਾਤੀਂ ਜਾਇ ਸੁਣੇ ਗੁਰਬਾਣੀ, ਰਾਣੀ ਰਾਜੇ ਹਰੀ ਚੰਦ ਦੀ ਸ਼ਬਦ ਦੀ ਧਾਰਨਾ ਲਾ ਕੇ ਕੁਝ ਸਮੇਂ ਲਈ ਦਿਵਾਨ ਸਜਾਇਆ। ਉਹਨਾਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਾਡੇ ਤੇ ਕੀਤੇ ਪਰਉਪਕਾਰ ਅਤੇ ਸਾਖੀਆਂ ਸੁਣਾ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ। ਉਪਰੰਤ ਇਕ ਗੀਤ ਸੰਤ ਬਲਦੇਵ ਸਿੰਘ ਨੇ ਗਾਇਆ ਜਿਸਦੇ ਬੋਲ ਸਨ-

*ਗੁਰੂ ਜਗਜੀਤ ਸਾਨੂੰ ਛੱਡ ਤੁਰ ਚੱਲਿਆ। ਛੱਡ ਕੇ ਪਿਆਰਾ ਸਾਨੂੰ ਅੱਜ ਤੁਰ ਚੱਲਿਆ।*

ਅੱਜ ਦੇ ਇਸ ਪ੍ਰੋਗਰਾਮ ਤੇ ਉਚੇਚੇ ਪਹੁੰਚੇ ਕਵੀ ਸੰਤ ਬਲਵੰਤ ਸਿੰਘ ਤੇ ਸੰਤ ਸੋਹਣ ਸਿੰਘ ਭਿੰਡਰ ਨੇ ਕੁਝ ਸਮੇਂ ਵਾਸਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਜੋ ਸਾਡੇ ਤੇ ਪਰਉਪਕਾਰ ਕੀਤੇ ਉਹਨਾਂ ਬਾਰੇ ਸਾਧ ਸੰਗਤ ਨੂੰ ਜਾਣੂੰ ਕਰਵਾਇਆ। ਇਹਨਾਂ ਤੋਂ ਬਾਅਦ ਬੀਬੀ ਅਮਨਦੀਪ ਕੌਰ ਅਤੇ ਉਹਨਾਂ ਦੇ ਨਾਲ ਬੀਬੀ ਤਰਨ ਕੌਰ, ਤਜਿੰਦਰ ਕੌਰ, ਇਕਵਿੰਦਰ ਕੌਰ, ਬਿਕਰਮ ਕੌਰ ਅਤੇ ਤਰਸੇਮ ਕੌਰ ਨੇ ਮਿਲਕੇ ਇਕ ਗੀਤ ਗਾਇਆ। ਗੀਤ ਦੇ ਬੋਲ ਸਨ-

*ਮੇਰੇ ਗੁਰੂ ਜਗਜੀਤ ਜੀਓ ਸਾਨੂੰ ਰੋਂਦਿਆਂ ਨੂੰ ਛੱਡ ਤੁਰਿਓਂ।*


ਇਹਨਾਂ ਨਾਲ ਹਾਰਮੋਨੀਅਮ ਤੇ ਸੰਤ ਜਸਪਾਲ ਸਿੰਘ ਤੇ ਢੋਲਕੀ ਤੇ ਕਾਕਾ ਰੰਗਾ ਸਿੰਘ ਪੁੱਤਰ ਸੰਤ ਗੁਰਚਰਨ ਸਿੰਘ ਨੇ ਸਾਥ ਦਿੱਤਾ। ਉਪਰੰਤ ਬੀਬੀ ਸ਼ਮਿੰਦਰ ਕੌਰ ਨੇ ਕੁਝ ਸਮੇਂ ਵਾਸਤੇ ਦਿਵਾਨ ਸਜਾਇਆ। ਉਹਨਾਂ

*ਨਹੀਂ ਭੁੱਲਣਾ ਵਿਛੋੜਾ ਤੇਰਾ, ਸਾਰੇ ਦੁੱਖ ਭੁੱਲ ਜਾਣਗੇ।*

ਸ਼ਬਦ ਦੀ ਧਾਰਨਾ ਲਾ ਕੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਦੇਹ ਦਾ ਓਹਲਾ ਕਰਨ ਵਾਲੇ ਸਮੇਂ ਨੂੰ ਆਪਣੀ ਸੁਰੀਲੀ ਆਵਾਜ਼ ਵਿਚ ਵੈਰਾਗਮਈ ਢੰਗ ਨਾਲ ਪੇਸ਼ ਕੀਤਾ। ਦਿਵਾਨ ਦੇ ਅਖੀਰ ਵਿਚ ਧਾਰਨਾ-

*ਪ੍ਰੀਤਮਾਂ ਵਿਛੋੜਾ ਤੇਰਾ ਪੈ ਗਿਆ ਅਤੇ ਰੋਣ ਭੈਣੀ ਦੀਆਂ ਗਲੀਆਂ ਗੁਰੂ ਜਗਜੀਤ ਚਲਿਆ।*

ਆਦਿ ਸ਼ਬਦ ਪੜ੍ਹ ਕੇ ਦਿਵਾਨ ਦੀ ਸਮਾਪਤੀ ਕੀਤੀ। ਦਿਵਾਨ ਵਿਚ ਇਹਨਾਂ ਨਾਲ ਹਾਰਮੋਨੀਅਮ ਤੇ ਸੰਤ ਜਸਪਾਲ ਸਿੰਘ ਢੋਲਕੀ ਤੇ ਕਾਕਾ ਰੰਗਾ ਸਿੰਘ ਪੁੱਤਰ ਸੰਤ ਗੁਰਮਿੰਦਰ ਸਿੰਘ ਨੇ ਸਾਥ ਦਿੱਤਾ। ਅੱਜ ਦੇ ਇਸ ਪ੍ਰੋਗਰਾਮ ਵਿਚ ਪਿੰਡ ਪੱਦੀ ਖਾਲਸਾ ਅਤੇ ਹੋਰ ਦੂਰੋਂ ਨੇੜਿਓਂ ਆਈ ਸਾਧ ਸੰਗਤ ਤੋਂ ਇਲਾਵਾ ਕਵੀ ਬਲਵੰਤ ਸਿੰਘ ਨਾਚੀਜ਼, ਸ. ਸੋਹਣ ਸਿੰਘ ਭਿੰਡਰ, ਨਾਇਬ ਤਹਿਸੀਲਦਾਰ ਸ. ਪਰਮਜੀਤ ਸਿੰਘ ਤੇ ਸ. ਨਿਰਮਲ ਸਿੰਘ ਪ੍ਰਾਈਮ ਇੰਡਸਟਰੀਜ਼ ਆਦਿ ਉਚੇਚੇ ਪਹੁੰਚੇ। ਸੂਬਾ ਜਸਬੀਰ ਸਿੰਘ ਤੇ ਸਮੂਹ ਕਮੇਟੀ ਮੈਂਬਰਾਂ ਨੇ ਇਨ੍ਹਾਂ ਪਤਵੰਤੇ ਸੱਜਣਾਂ ਨੂੰ ਮਾਲਾ ਪਹਿਨਾ ਕੇ ਸਨਮਾਨਿਤ ਕੀਤਾ।



**ਕਵੀ ਬਲਵੰਤ ਸਿੰਘ ਦਾ ਸਨਮਾਨ ਕਰਦੇ ਸੂਬਾ ਜਸਬੀਰ ਸਿੰਘ (ਫਗਵਾੜਾ) ਆਦਿ।**

ਇਸ ਸਮੇਂ ਸੂਬਾ ਜਸਬੀਰ ਸਿੰਘ ਨੇ ਕੁਝ ਮਿੰਟਾ ਵਾਸਤੇ ਸਾਧ ਸੰਗਤ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਉਨ੍ਹਾਂ ਦੱਸਿਆ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ 53 ਸਾਲ ਤੋਂ ਵੱਧ ਸਮੇਂ ਤੱਕ ਸਾਧ ਸੰਗਤ ਨੂੰ ਨਿਵਾਜਿਆ। ਉਹਨਾਂ ਦੇ ਦੇਹ ਦਾ ਓਹਲਾ ਕਰਨ ਉਪਰੰਤ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਗੁਰਗੱਦੀ ਤੇ ਸੁਭਾਇਮਾਨ ਹੋਏ ਤਾਂ ਸ੍ਰੀ ਭੈਣੀ ਸਾਹਿਬ ਵਿਖੇ ਕੁਝ ਪ੍ਰੈਸ ਰਿਪੋਟਰਾਂ ਨੇ ਸਤਿਗੁਰੂ ਉਦੈ ਸਿੰਘ ਜੀ ਨੂੰ ਪੁੱਛਿਆ ਕਿ ਹੁਣ ਅੱਗੋਂ ਆਪ ਜੀ ਦੇ ਕੀ ਪ੍ਰੋਗਰਾਮ ਹਨ ਤਾਂ ਸੱਚੇ ਪਾਤਸ਼ਾਹ ਜੀ ਨੇ ਉਨ੍ਹਾਂ ਨੂੰ ਆਖਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਾਡੇ ਤੇ ਇੰਨੀ ਬਖਸ਼ਿਸ਼ ਹੈ ਕਿ ਉਨ੍ਹਾਂ ਨੇ ਕੋਈ ਥਾਂ ਛੱਡਿਆ ਹੀ ਨਹੀਂ ਜੋ ਕੁਝ ਉਹ ਕਰ ਗਏ ਹਨ ਉਹਨਾਂ ਦੇ ਹੁਕਮਾਂ ਅਨੁਸਾਰ ਉਹਨਾਂ ਦੇ ਪਾਏ ਪੂਰਨਿਆਂ ਤੇ ਅਸੀਂ ਚੱਲ ਸਕੀਏ ਇੰਨੀ ਹੀ ਬਹੁਤ ਹੈ। ਅਖੀਰ ਵਿਚ ਸੂਬਾ ਜੀ ਨੇ ਪ੍ਰੋਗਰਾਮ ਤੇ ਪਹੁੰਚੀ ਸਮੂਹ ਸਾਧ ਸੰਗਤ ਦਾ ਤਹਿ ਦਿਲੋਂ ਧੰਨਵਾਦ ਕੀਤਾ।

**-ਬਲਦੇਵ ਸਿੰਘ ਨਾਮਧਾਰੀ, ਫਗਵਾੜਾ**



**ਆਸਾ ਦੀ ਵਾਰ ਦਾ ਕੀਰਤਨ ਕਰਦਾ ਹੋਇਆ ਲੁਧਿਆਣੇ ਦਾ ਜਥਾ**





**ਉਪਰ ਹਵਨ ਕਰਦੇ ਨੌਜਵਾਨ ਅਤੇ ਹੇਠਾਂ ਚੋਪਈ ਦੀ ਵਰਨੀ ਕਰਦੀਆਂ ਬੀਬੀਆਂ।**

● **13-12-2015**-ਅੱਜ ਸੰਤ ਸੁਰਿਦਰ ਸਿੰਘ ਭਾਈ ਜੀ ਦੇ ਪਰਿਵਾਰ ਵਲੋਂ ਕਰਵਾਏ ਗਏ ਹਫਤਾਵਾਰੀ ਸਮਾਗਮ ਵਿਚ ਸਰਬ ਕਲਾ ਸਮਰੱਥ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਛੋੜੇ ਦਾ ਦਿਨ ਬੜੇ ਹੀ ਪਿਆਰ ਅਤੇ ਸਤਿਕਾਰ ਨਾਲ ਮਨਾਇਆ ਗਿਆ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਜਥੇਦਾਰ ਅਮਰੀਕ ਸਿੰਘ, ਜਥੇਦਾਰ ਜਸਬੀਰ ਸਿੰਘ ਅਤੇ ਜਥੇ ਵਲੋਂ ਕੀਤਾ ਗਿਆ। ਕਾਕਾ ਬਲਦੇਵ ਸਿੰਘ ਨੇ ਸ਼ਬਦ ਪੜ੍ਹ ਸਤਿਗੁਰੂ ਜੀ ਨੂੰ ਯਾਦ ਕੀਤਾ। ਬੱਚੀ ਭਗਵਾਨ ਕੌਰ ਨੇ ਸਤਿਗੁਰੂ ਜੀ ਦੀ ਯਾਦ ਵਿਚ ਕਵਿਤਾ ਪੜ੍ਹੀ। ਉਪਰੰਤ 4 ਸਧਾਰਨ ਪਾਠਾਂ ਦੇ ਭੋਗ ਪਾਏ ਗਏ।

1 ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਸੰਤ ਗੁਰਦੇਵ ਸਿੰਘ ਵਲੋਂ।

1 ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਸੰਤ ਕੁਲਦੀਪ ਸਿੰਘ ਕਲਸੀ ਵਲੋਂ।

1 ਪਾਠ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਅਤੇ 1 ਪਾਠ ਘਰ ਵਿਚ ਸੁਖ ਸ਼ਾਂਤੀ ਅਤੇ ਕਾਰੋਬਾਰ ਲਈ ਮੇਲੇ ਵਾਲੇ ਪਰਿਵਾਰ ਵਲੋਂ ਕੀਤਾ ਗਿਆ।

185 ਪਾਠ ਚੋਪਈ ਦੇ ਸੰਗਤ ਵਲੋਂ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਚੜ੍ਹਦੀ ਕਲਾ ਲਈ ਕੀਤੇ ਗਏ। ਨੌਜਵਾਨਾਂ ਵਲੋਂ 2 ਹਵਨ ਅਤੇ 2 ਚੋਪਈ ਦੀਆਂ ਵਰਨੀਆਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਕੀਤੀਆਂ ਗਈਆਂ। 2 ਵਰਨੀਆਂ ਚੋਪਈ ਦੀਆਂ ਬੀਬੀਆਂ ਦੇ ਜਥੇ ਵਲੋਂ ਕੀਤੀਆਂ ਗਈਆਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ।

ਸੰਤ ਗੁਰਮੁਖ ਸਿੰਘ ਨੇ ਆਈ ਸੰਗਤ ਦਾ ਧੰਨਵਾਦ ਕਰਦਿਆਂ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਸੰਗਤ ਤੇ ਕੀਤੀ ਕਿਰਪਾ ਬਾਰੇ ਵਿਚਾਰ ਸੰਗਤ ਨਾਲ ਸਾਂਝੇ ਕੀਤੇ। ਉਹਨਾਂ ਨੇ ਦੱਸਿਆ ਕਿ ਕਿਸ ਤਰ੍ਹਾਂ ਸਤਿਗੁਰੂ ਜੀ ਨੇ ਸੰਗੀਤ, ਖੇਡਾਂ, ਪੜ੍ਹਾਈ ਅਤੇ ਹਰ ਸਮਾਜ ਨਾਲ ਮਿਲਵਰਤਨ ਰੱਖਕੇ ਸਮਾਜ ਵਿਚ ਧਾਰਮਿਕ ਕੰਮ ਕੀਤੇ, ਜੇ ਇਹਨਾਂ ਬਾਰੇ ਗੱਲ ਕਰੀਏ ਤਾਂ ਬਹੁਤ ਸਮਾਂ ਲਗ ਜਾਵੇਗਾ ਕਿਉਂਕਿ ਸਤਿਗੁਰੂ ਜਗਜੀਤ ਸਿੰਘ ਜੀ ਨੇ ਐਸੇ ਐਸੇ ਕੰਮ ਕੀਤੇ ਜਿਸ ਨਾਲ ਸਾਡਾ ਨਾਮਧਾਰੀ ਪੰਥ ਪੂਰੇ ਸੰਸਾਰ ਵਿਚ ਉਚਾ ਤੇ ਸੁੱਚਾ ਪੰਥ ਮੰਨਿਆ ਜਾਂਦਾ ਹੈ। ਅਤੇ ਹੁਣ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਉਹਨਾਂ ਕੰਮਾਂ ਨੂੰ ਅਗੇ ਤੋਰ ਰਹੇ ਹਨ।

**-ਬਲਵੀਰ ਸਿੰਘ**

# ਮੰਡੀ ਅਤੇ ਦਿੱਲੀ ਵਿਖੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਗੁਰਗੱਦੀ ਨੂੰ ਸਮਰਪਿਤ ਮੇਲੇ



**ਸੂਬਾ ਸੰਦੀਪ ਸਿੰਘ ਮੰਡੀ ਵਿਖੇ ਸਤਿਗੁਰੂ ਜੀ ਦਾ ਹਰਜਸ ਆਪਣੇ ਦਿਵਾਨ ਰਾਹੀ ਕਰਦੇ ਹੋਏ।**

● ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਬਖਸ਼ਿਸ਼ ਨਾਲ ਸੂਬਾ ਗੁਰਮੀਤ ਸਿਘ ਦੀ ਸਰਵਪ੍ਰਸਤੀ ਹੇਠ ਪ੍ਰੰਬਧਕ ਕਮੇਟੀ ਤੇ ਵਿਦਿਅਕ ਜਥੇ ਦੇ ਨੌਜਵਾਨਾਂ ਨੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦਾ ਗੁਰਗੱਦੀ ਦਿਵਸ ਧੂਮਧਾਮ ਨਾਲ ਚਾਰ ਦਿਨ 20 ਦਸੰਬਰ ਤੋਂ 23 ਦਸੰਬਰ ਮਨਾਉਣ ਦਾ ਪ੍ਰੋਗਰਾਮ ਬਣਾਇਆ।

ਸ੍ਰੀ ਭੈਣੀ ਸਾਹਿਬ ਅਰਜ਼ ਕਰਨ ਤੇ 19 ਦਸੰਬਰ ਨੂੰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਅਰਜ਼ ਪ੍ਰਵਾਨ ਕਰਦਿਆਂ ਹੋਇਆਂ ਮੇਲੇ ਦੀ ਪ੍ਰਵਾਨਗੀ ਦਿੱਤੀ। 20 ਦਸੰਬਰ ਨੂੰ ਮੇਲੇ ਦੀ ਸ਼ੁਰੂਆਤ ਆਸਾ ਦੀ ਵਾਰ ਦੇ ਕੀਰਤਨ ਨਾਲ ਹੋ ਗਈ। ਆਸਾ ਦੀ ਵਾਰ ਤੋਂ ਬਾਅਦ ਹਰ ਐਤਵਾਰ ਦੀ ਤਰ੍ਹਾਂ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਸਾਧ ਸੰਗਤ ਨੇ ਸੈਂਚੀਆਂ ਤੋਂ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦਾ ਪਾਠ ਕੀਤਾ। ਉਪਰੰਤ ਜਥੇਦਾਰ ਕਮਾਲ ਸਿੰਘ ਨੇ ਦਿਵਾਨ ਦੀ ਸ਼ੁਰੂਆਤ ਕੀਤੀ। ਦਿਵਾਨ ਲਗਾਣ ਲਗਿਆਂ ਜਥੇਦਾਰ ਜੀ ਨੇ ਟੇਕ ਲਈ - *ਸਤਿਗੁਰੂ ਪੂਰੇ ਨੇ ਪੂਰਾ ਥਾਟ ਬਨਾਇਆ।*

ਜਥੇਦਾਰ ਕਮਾਲ ਸਿੰਘ ਨੇ ਸਤਿਗੁਰਾਂ ਦੀਆਂ ਸਾਖੀਆਂ ਸੁਣਾਉਂਦਿਆਂ ਦੱਸਿਆ ਕਿ ਕਿਸ ਤਰ੍ਹਾਂ ਭਾਈ ਲਹਿਣਾ ਜੀ ਨੇ ਗੁਰੂ ਨਾਨਕ ਦੇਵ ਜੀ ਦਾ ਹੁਕਮ ਮੰਨ ਕੇ ਲਹਿਣੇ ਤੋਂ ਗੁਰੂ ਅੰਗਦ ਜੀ ਬਣ ਗਏ ਸਨ। ਉਸੇ ਤਰ੍ਹਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੁਕਮ ਮੰਨ ਜੋ ਵੀ ਸ੍ਰੀ ਸਤਿਗੁਰੂ ਜੀ ਨੇ ਸੇਵਾ ਲਾਈ ਉਸੇ ਤਰ੍ਹਾਂ ਹੀ ਕਰਕੇ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਦਾ ਪਾਤਰ ਬਣ ਉਦੈ ਸਿੰਘ ਤੋਂ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਬਣ ਗਏ।

ਰਾਤ ਵੀ 8 ਤੋਂ 9.30 ਤਕ ਦਿਵਾਨ ਲਗਾ ਸਾਧ ਸੰਗਤ ਨੂੰ ਨਿਹਾਲ ਕੀਤਾ। ਜਥੇਦਾਰ ਸਾਧਾ ਸਿੰਘ ਨੇ ਅਗਲਾ ਪ੍ਰੋਗਰਾਮ ਸੁਣਾਇਆ ਕਿ ਕਲ੍ਹ ਤੋਂ ਤਿੰਨ ਦਿਨ ਵਾਸਤੇ ਸੂਬਾ ਸੰਦੀਪ ਸਿੰਘ ਕਰੀਵਾਲਾ ਆ ਰਹੇ ਹਨ ਉਹ ਤਿੰਨ ਦਿਨ ਸਾਥੀਆਂ ਸਮੇਤ ਸਵੇਰੇ ਸ਼ਾਮ ਦਿਵਾਨ ਲਗਾ ਕੇ ਸਾਧ ਸੰਗਤ ਨੂੰ ਨਿਹਾਲ ਕਰਨਗੇ। ਸਾਧ ਸੰਗਤ ਹੁੰਮ ਹੁਮਾ ਕੇ ਦਰਸ਼ਨ ਦੇਵੇ।

21 ਤੋਂ 23 ਦਸੰਬਰ ਤਕ ਸੂਬਾ ਸੰਦੀਪ ਸਿੰਘ ਨੇ ਸਾਥੀਆਂ ਸਮੇਤ ਸਵੇਰੇ ਆਸਾ ਦੀ ਵਾਰ ਅਤੇ ਸ਼ਾਮ ਨੂੰ ਦਿਵਾਨ ਲਗਾ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦਾ ਪ੍ਰਸੰਗ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਅੰਤਿਮ ਸਮੇਂ ਦੇ ਦਰਸ਼ਨਾਂ ਦਾ ਪ੍ਰਸੰਗ, ਵਡੇ ਵਿਰਾਗ ਵਿਚ ਸੁਚਜੇ ਢੰਗ ਨਾਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਵਿਛੋੜਾ ਯਾਦ ਕਰਵਾਇਆ। ਸਾਰੀ ਸੰਗਤ ਆਪਣੇ ਪ੍ਰੀਤਮ ਪਿਆਰੇ ਦੇ ਵਿਛੋੜੇ ਵਿਚ ਭਰੀਆਂ ਅਖਾਂ ਨਾਲ ਅੰਤ ਤਕ ਬੈਠੀ ਰਹੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਵਿਛੋੜਾ ਦੇਣ ਤੋਂ ਬਾਅਦ ਹਰ ਨਾਮਧਾਰੀ ਦੇ ਮਨ ਵਿਚ ਸੀ ਕਿ ਹੁਣ ਸਾਡਾ ਕੀ ਬਣੇਗਾ ਉਸ ਵਕਤ ਸ੍ਰੀ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਸੰਭਾਲ ਕੀਤੀ। ਸੂਬਾ ਸੰਦੀਪ ਸਿੰਘ ਨੇ ਦਿਵਾਨ ਵਿਚ ਦੱਸਿਆ ਕਿ ਜਿਸ ਤਰ੍ਹਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਿਖੀ ਸਾਂਭੀ ਸੀ ਉਸੇ ਤਰ੍ਹਾਂ ਹੀ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਵੀ ਕਿਰਪਾ ਕਰ ਰਹੇ ਹਨ।

ਸੂਬਾ ਜੀ ਨੇ ਪ੍ਰਮਾਣ ਦੇ ਕੇ ਦੱਸਿਆ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਾਂਗ ਹੀ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਮਰਯਾਦਾ ਨੂੰ ਉਸੇ ਤਰ੍ਹਾਂ ਹੀ ਨਿਭਾ ਰਹੇ ਹਨ। ਸਾਰਾ ਹਾਲ ਸਾਧ ਸੰਗਤ ਨਾਲ ਭਰਿਆ ਹੋਇਆ ਸੀ। ਸੂਬਾ ਜੀ ਨੇ ਇੰਨਾ ਰਸ ਭਿੰਨਾ ਦਿਵਾਨ ਲਗਾਇਆ ਕਿ ਸਾਧ ਸੰਗਤ ਅੰਤ ਤਕ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਨਾਲ ਜੁੜੀ ਬੈਠੀ ਰਹੀ। ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਕਿਰਪਾ ਨਾਲ ਮੰਡੀ, ਨੇਰ ਚੋਕ, ਸੁੰਦਰ ਨਗਰ, ਪੰਡੋਹ ਆਦਿ ਥਾਵਾਂ ਤੋਂ ਸਾਧ ਸੰਗਤ ਦਰਸ਼ਨ ਦਿੱਤੇ। ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਚਰਨਾਂ ਵਿਚ ਬੇਨਤੀ ਹੈ ਕਿ ਸਾਧ ਸੰਗਤ ਵਿਚ ਉਦਮ ਬਣਾਈ ਰੱਖਣ। ਸਾਧ ਸੰਗਤ ਆਪ ਜੀ ਦੇ ਚਰਨਾਂ ਨਾਲ ਲਗ ਹੁਕਮ ਮੰਨ ਆਪਣਾ ਜਨਮ ਸਫਲਾ ਕਰ ਸਕੇ।

**-ਸਤਵੰਤ ਸਿੰਘ ਨਾਮਧਾਰੀ, ਮੰਡੀ(ਹਿ. ਪ੍ਰ.)**

● **ਦਿਲੀ**-ਹਿੰਦੁਸਤਾਨ ਵਿਸ਼ਵ ਭਰ ਦਾ ਸਭ ਤੋਂ ਪੁਰਾਣਾ ਸਭਿਆਚਾਰਕ ਦੇਸ਼ ਹੈ। ਇਸ ਦੀ ਸਭਿਅਤਾ ਦਾ ਮੂਲ ਗੁਰੂ ਸ਼ਿਸ਼ ਪ੍ਰੰਪਰਾ ਹੈ। ਪੁਰਾਣਿਆਂ ਸਮਿਆਂ ਤੋਂ ਹੀ ਭਾਰਤ ਵਿਚ ਰਾਜੇ ਮਹਾਰਾਜੇ, ਰਿਸ਼ੀ ਮੁਨੀ ਜੋਗੀ ਗੁਰੂ ਧਾਰਨ ਕਰਿਆ ਕਰਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਥਾਂ ਤੇ ਆਪਣੇ ਹੀ ਅਨੁਯਾਈਆਂ ਦੀ ਅਗਵਾਈ ਕਰਨ ਲਈ ਭਾਈ ਲਹਿਣਾ ਜੀ ਨੂੰ ਗੁਰੂ ਅੰਗਦ ਦੇਵ ਰੂਪ ਧਾਰ ਕੇ ਗੁਰੂ ਥਾਪਿਆ ਅਤੇ ਗੁਰੂ ਸ਼ਿਸ਼ ਪ੍ਰੰਪਰਾ ਨੂੰ ਗੁਰੂ ਸਿੱਖ ਮਰਯਾਦਾ ਦੇ ਰੂਪ ਵਿਚ ਸਦਾ ਚਿਰ ਲਈ ਲਾਗੂ ਕੀਤਾ।

53 ਸਾਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਅਗਵਾਈ ਕੀਤੀ ਅਤੇ ਕੁਦਰਤ ਦੇ ਨਿਯਮ ਅਨੁਸਾਰ ਬ੍ਰਹਮ ਲੀਨ ਹੋਏ। ਜੋ ਸਮਾਂ ਪੂਰੇ ਪੰਥ ਵਾਸਤੇ ਇਕ ਹਨੇਰੀ ਡਰਾਵਨੀ ਕਾਲੀ ਰਾਤ ਵਰਗਾ ਸੀ ਪਰ ਇਹ ਵੀ ਕੁਦਰਤ ਦਾ ਨਿਯਮ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਹੀ ਹਨ ਕਿ ਗੁਰੂ ਦੀ ਹੋਂਦ ਸਦੀਵੀਂ ਰਹਿੰਦੀ ਹੈ ਅਤੇ ਹਰ ਹਨੇਰੀ ਰਾਤ ਮਗਰੋਂ ਸੂਰਜ ਉਦੈ ਹੁੰਦਾ ਹੈ। ਸਤਿਗੁਰੂ ਉਦੈ ਸਿੰਘ ਜੀ 23 ਦਸੰਬਰ 2012 ਨੂੰ ਸਤਿਗੁਰੂ ਜਗਜੀਤ ਸਿੰਘ ਜੀ ਵਾਲੀ ਦਸਤਾਰ ਸਜਾ ਨਾਮਧਾਰੀ ਪੰਥ ਵਿਚ ਨਵੇਂ ਰੂਪ ਵਿਚ ਪ੍ਰਗਟ ਹੋਏ ਅਤੇ ਸਤਿਗੁਰੂ ਰਾਮ ਸਿੰਘ ਜੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ੀ ਸਿਖੀ ਅਤੇ ਮਰਯਾਦਾ ਨੂੰ ਉਜੜਨੋ ਬਚਾਇਆ :

*ਉਦੇ ਸਿੰਘ ਗੁਰੂ ਭਾਨ ਕੇ ਸਮਾਨ ਉਦੇ ਹੋ ਆਇ ਹੈ।*
*ਪ੍ਰਕਾਸ ਜਗਜੀਤ ਗੁਰੂ ਕਾ ਤੀਨ ਲੋਕ ਕੋ ਦਿਖਾਇ ਹੈ।*
*ਅਨਾਥੋ ਕੇ ਨਾਥ ਬਨ ਆਪ ਕਸ਼ਟ ਦੁਖੀਅਨ ਕੋ ਮਿਟਾਇ ਹੈ।*
*ਗੁਰੂ ਨਾਨਕ ਕਾ ਮੰਤ੍ਰ ਜਪ ਆਪ ਓਰਨ ਕੋ ਜਾਇ ਹੈ।*
*ਗੁਰੂ ਰੀਤ ਜੁਗਹੋ ਅਟਲ ਪੀੜੀ ਆਗੇ ਕੋ ਬਡਾਇ ਹੈਂ।*

ਪਿਛਲੇ ਵਰਿਆਂ ਵਿਚ ਵਿਸ਼ਵ ਭਰ ਵਿਚ ਫੈਲੇ ਨਾਮਧਾਰੀਆਂ ਨੂੰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੁਆਰਾ ਉਹ ਹੀ ਪਿਆਰ ਮਿਲਿਆ ਜਿਸਦੇ ਉਹ 53 ਸਾਲਾਂ ਤੋਂ ਆਦੀ ਸਨ। ਸੰਗੀਤ ਦੇ ਖੇਤਰ ਵਿਚ, ਗੁਰਬਾਣੀ ਸ਼ੁਧਤਾ ਦੇ ਖੇਤਰ ਵਿਚ, ਸਾਹਿਤ ਦੇ ਖੇਤਰ ਵਿਚ, ਖੇਡਾਂ ਦੇ ਖੇਤਰ ਵਿਚ, ਪਸ਼ੂ ਸ਼ਾਂਭ, ਬਾਗਬਾਨੀ ਦੇ ਖੇਤਰ ਵਿਚ ਹਰ ਪਖੋਂ ਨਾਮਧਾਰੀ ਪੰਥ ਚੜ੍ਹਦੀ ਕਲਾ ਵਿਚ ਜਾ ਰਿਹਾ ਹੈ। ਜਿਸ ਕਾਰਨ ਨਤਮਸਤਕ ਨਾਮਧਾਰੀ ਸੰਗਤ ਦੇਸਾਂ ਦੇਸਾਂਤਰਾਂ ਵਿਚ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਦਸਤਾਰਬੰਦੀ ਦਿਹਾੜੇ ਨੂੰ ਸ਼ੁਕਰਾਨੇ ਵਜੋਂ ਮਨਾਉਂਦੀ ਹੈ।

ਨਾਮਧਾਰੀ ਸੰਗਤ ਦਿੱਲੀ ਵਲੋਂ ਇਸ ਸਾਲ ਇਹ ਦਿਹਾੜਾ ਵਖਰੇ ਢੰਗ ਨਾਲ ਮਨਾਇਆ ਗਿਆ। ਸੂਬਾ ਅਰਵਿੰਦ ਸਿੰਘ, ਸੂਬਾ ਸੁਖਦੇਵ ਸਿੰਘ ਆਦਿ ਸਾਰੇ ਪ੍ਰਬੰਧਕਾਂ ਦੇ ਯਤਨ ਸਦਕਾ ਨਾਮਧਾਰੀ ਦਰਬਾਰ ਦੇ ਪ੍ਰਧਾਨ ਸ. ਹਰਵਿੰਦਰ ਸਿੰਘ ਹੰਸਪਾਲ ਦੀ ਅਗਵਾਈ ਹੇਠ ਲਗਾਤਾਰ 14



**ਦਿੱਲੀ ਵਿਖੇ ਸੂਬਾ ਸੰਦੀਪ ਸਿੰਘ (ਕਰੀਵਾਲਾ) ਸਤਿਗੁਰੂ ਜੀ ਦੀਆਂ ਬਖਸ਼ਿਸ਼ਾਂ ਸਾਧ ਸੰਗਤ ਨੂੰ ਸਰਵਣ ਕਰਾਉਂਦੇ ਹੋਏ।**

ਦਿਨ ਦਿਵਾਨਾਂ ਦਾ ਪ੍ਰਵਾਹ ਚਲਿਆ। ਜਿਸ ਲਈ ਸੂਬਾ ਸੰਦੀਪ ਸਿੰਘ ਕਰੀਵਾਲਾ ਨੂੰ ਉਚੇਚੇ ਤੌਰ ਤੇ ਆਪਣੇ ਜਥੇ ਨਾਲ ਦਿੱਲੀ ਸੱਦਿਆ ਗਿਆ।

ਪਹਿਲਾ ਦਿਨ 31-12-2015- ਸ਼ਾਮ 7 ਤੋਂ 9 ਵਜੇ ਤਕ ਸਜਾਇਆ ਗਿਆ। ਜਿਸ ਵਿਚ ਪਹਿਲਾਂ ਅੱਧਾ ਘੰਟਾ ਸੰਤ ਦਲਜੀਤ ਸਿੰਘ ਨੇ ਦਿਵਾਨ ਲਗਾਇਆ। ਉਪਰੰਤ ਸੂਬਾ ਸੰਦੀਪ ਸਿੰਘ ਨੇ ਸਤਿਗੁਰੂ ਉਦੈ ਸਿੰਘ ਜੀ ਦੇ ਦਸਤਾਰਬੰਦੀ ਨਾਲ ਸੰਬੰਧਤ ਦਿਵਾਨ ਸਜਾਇਆ।

31 ਤਾਰੀਕ ਨੂੰ ਸ਼ੁਰੂ ਹੋਈ ਦਿਵਾਨਾਂ ਦੀ ਲੜੀ 13 ਜਨਵਰੀ 2016 ਤਕ ਚਲੀ। 4 ਦਿਵਾਨਾਂ ਤੋਂ ਇਲਾਵਾ ਬਾਕੀ ਸਾਰੇ ਦਿਵਾਨ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਮਾਨਸਰੋਵਰ ਗਾਰਡਨ ਵਿਚ ਹੁੰਦੇ ਰਹੇ। ਇਕ ਦਿਵਾਨ ਨਾਮਧਾਰੀ ਧਰਮਸ਼ਾਲਾ ਸਾਹਿਬਪੁਰਾ ਵਿਖੇ, ਇਕ ਦਿਵਾਨ ਸੂਬਾ ਅਰਵਿੰਦ ਸਿੰਘ ਦੇ ਗ੍ਰਹਿ ਵਿਖੇ ਅਤੇ ਇਕ ਦਿਵਾਨ ਨਾਮਧਾਰੀ ਧਰਮਸ਼ਾਲਾ ਚੰਦਰ ਵਿਹਾਰ ਅਤੇ ਇਕ ਦਿਵਾਨ ਨਾਮਧਾਰੀ ਕਲੋਨੀ ਰਮੇਸ਼ ਨਗਰ ਵਿਖੇ ਲਾਇਆ ਗਿਆ। ਹਰ ਰੋਜ਼ ਸੰਗਤਾਂ ਦੀ ਗਿਣਤੀ 700 ਦੇ ਕਰੀਬ ਹੁੰਦੀ। ਸੂਬਾ ਜੀ ਦੇ ਦਿਵਾਨ ਤੋਂ ਪਹਿਲਾਂ ਹਰ ਰੋਜ਼ ਇਕ ਸਥਾਨਕ ਜਥੇ ਦਾ ਦਿਵਾਨ ਅਧੇ ਘੰਟੇ ਲਈ ਹੁੰਦਾ। ਵੇਰਵਾ-ਸੰਤ ਦਲਜੀਤ ਸਿੰਘ ਬਲਿਹਾਰਜਾਵਾਂ, ਨੌਜਵਾਨ ਮਨਜੀਤ ਸਿੰਘ, ਨੌਜਵਾਨ ਰਾਜਾ ਸਿੰਘ, ਹਰਸਾ ਸਿੰਘ, ਬਸੰਤ ਸਿੰਘ, ਸਰਦਾਰਾ ਸਿੰਘ, ਬੀਬੀਆਂ ਦਾ ਜਥਾ, ਬਲਵੰਤ ਕੌਰ, ਬਸੰਤ ਕੌਰ, ਆਦਿ। ਸੂਬਾ ਜੀ ਨੇ ਜਿਹੜੇ ਦਿਵਾਨ ਸਜਾਏ ਉਹਨਾਂ ਦਾ ਵਿਸ਼ਾ ਜ਼ਿਆਦਾਤਰ ਸਤਿਗੁਰੂ ਉਦੈ ਸਿੰਘ ਜੀ ਦੁਆਰਾ ਕੀਤੀ ਕਿਰਪਾ ਹੀ ਹੁੰਦਾ। ਫਿਰ ਵੀ ਸੂਬਾ ਜੀ ਆਪਣੇ ਦਿਵਾਨਾਂ ਰਾਹੀਂ ਨੌਜਵਾਨਾਂ ਨੂੰ ਮਰਯਾਦਾ ਰੱਖਣ, ਬਾਜ਼ਾਰ ਦਾ ਖਾਣਾ ਛੱਡਣ, ਸੇਵਾ ਕਰਨ, ਮਰਯਾਦਾ ਠੀਕ ਰੱਖਣ ਲਈ ਪ੍ਰੇਰਦੇ ਅਤੇ ਗੁਰਸਿਖੀ ਜੀਵਨ ਅਪਨਾਉਣ ਲਈ ਆਖਦੇ ਸਨ।

ਪੂਰੇ 2 ਹਫਤੇ ਦਿੱਲੀ ਦੀ ਹਰ ਸ਼ਾਮ ਨੂੰ ਬੜਾ ਹੀ ਰੂਹਾਨੀ ਵਾਤਾਵਰਨ ਬਣਦਾ। ਪ੍ਰਧਾਨ ਸਾਧਾ ਸਿੰਘ, ਲਖਵਿੰਦਰ ਸਿੰਘ ਢੋਡਾ ਅਤੇ ਉਹਨਾਂ ਦਾ ਪੂਰਾ ਜਥਾ ਲੰਗਰ ਦੀ ਸੇਵਾ ਕਰਦਾ, ਜੋੜਿਆਂ ਵਾਲਾ ਜਥਾ ਆਪਣੀ ਸੇਵਾ ਨਿਭਾਉਂਦਾ ਰਿਹਾ। ਅਜੇਪਾਲ ਸਿੰਘ ਪ੍ਰਧਾਨ ਨਾਮਧਾਰੀ ਵਿਦਿਅਕ ਜਥਾ ਰਮੇਸ਼ ਨਗਰ, ਹਰਪਾਲ ਸਿੰਘ ਸਕੱਤਰ ਵਿਸ਼ਵ ਨਾਮਧਾਰੀ ਵਿਦਿਅਕ ਜਥਾ, ਜੁਝਾਰ ਸਿੰਘ ਕੈਸੀਅਰ, ਨਾਮਧਾਰੀ ਸੰਗਤ ਦਿੱਲੀ ਆਦਿ ਹੋਰ ਸਾਰੇ ਪ੍ਰਬੰਧ ਪੂਰੇ ਕਰਦੇ ਸਨ। ਮੰਚ ਸੰਚਾਲਨ ਹਰਪਾਲ ਸਿੰਘ, ਦਵਿੰਦਰ ਸਿੰਘ ਨੇ ਕੀਤਾ। ਸੰਤ ਇੰਦਰਜੀਤ ਸਿੰਘ ਮਲੂਵਾਲ ਅਤੇ ਨੌਜਵਾਨਾਂ ਨੇ ਰਲ ਕੇ ਪੂਰਨ ਸਹਿਯੋਗ ਦਿੱਤਾ। ਜਿਸ ਦੀ ਸਾਰੀ ਸੰਗਤ ਧੰਨਵਾਦੀ ਹੈ। ਸੋਧ ਦੇ ਲੰਗਰ ਦੀ ਸੇਵਾ ਮਿਤਰ ਸਿੰਘ ਅਤੇ ਐਮ. ਪੀ. ਸਿੰਘ ਨੇ ਕੀਤੀ।

**ਇਕ ਪਰਿਵਾਰ ਨੂੰ ਰੋਜ਼ਗਾਰ**-13 ਤਾਰੀਕ ਨੂੰ ਅਖੀਰਲੇ ਦਿਵਾਨ ਵਾਲੇ ਦਿਨ ਸਾਰੀ ਸੰਗਤ ਦੇ ਉਦਮ ਸਦਕਾ ਇਕ ਬੈਟਰੀ ਨਾਲ ਚਲਣ ਵਾਲਾ ਈ-ਰਿਕਸ਼ਾ ਸੰਤ ਗੁਰਦੇਵ ਸਿੰਘ ਨੂੰ ਦਿੱਤਾ ਗਿਆ। ਇਹ ਪਰਿਵਾਰ ਸਤਿਗੁਰੂ ਜੀ ਦਾ ਬਹੁਤ ਸ਼ਰਧਾਵਾਨ ਹੈ ਅਤੇ ਹਰ ਮੇਲੇ, ਹਰ ਪ੍ਰੋਗਰਾਮ ਵਿਚ ਪਹੁੰਚਦਾ ਹੈ। ਇਹ ਪਰਿਵਾਰ ਸਿਰਫ 2000 ਮਹੀਨੇ ਦੀ ਪੈਨਸ਼ਨ ਨਾਲ ਗੁਜਾਰਾ ਕਰਦਾ ਸੀ। ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਬਖਸ਼ਿਸ਼ ਸਦਕਾ ਸੰਤ ਗੁਰਦੇਵ ਸਿੰਘ ਅਤੇ ਉਸਦੀ ਪਤਨੀ ਨੂੰ ਸ. ਹਰਵਿੰਦਰ ਸਿੰਘ ਹੰਸਪਾਲ, ਸੂਬਾ ਸੁਖਦੇਵ ਸਿੰਘ, ਸੂਬਾ ਅਰਵਿੰਦ ਸਿੰਘ, ਪ੍ਰਧਾਨ ਸਾਧਾ ਸਿੰਘ, ਪ੍ਰਧਾਨ ਵਸਣ ਸਿੰਘ (ਸਾਹਿਬਪੁਰਾ) ਆਦਿ ਨੇ ਇਸ ਈ-ਰਿਕਸ਼ੇ ਦੀ ਚਾਬੀ ਇਹਨਾਂ ਨੂੰ ਸੌਂਪੀ। ਇਸ ਪਰਿਵਾਰ ਦੀ ਕੋਈ ਔਲਾਦ ਨਹੀਂ ਹੈ।

ਸਾਰੀ ਸੰਗਤ ਨੇ 2 ਹਫਤਿਆਂ ਤੋਂ ਵਧ ਲਗੇ ਦਿਵਾਨ 'ਚ ਇਹ ਪ੍ਰਣ ਕੀਤਾ ਕਿ ਉਹ ਅਗੇ ਵੀ ਇਸੇ ਤਰ੍ਹਾਂ ਹੀ ਲੋੜਵੰਦਾ ਦੀ ਸੇਵਾ ਕਰਦੇ ਰਹਿਣਗੇ।

**ਹਵਨਾਂ ਦੇ ਪ੍ਰਵਾਹ**-ਸੂਬਾ ਸੰਦੀਪ ਸਿੰਘ ਦੇ ਜਥੇ ਨੇ ਸੂਬਾ ਅਰਵਿੰਦ ਸਿੰਘ, ਹਰਪਾਲ ਸਿੰਘ ਆਦਿ ਨਾਲ ਮਿਲਕੇ ਹਰ ਰੋਜ਼ ਵੱਖ ਵੱਖ ਥਾਵਾਂ ਤੇ ਹਵਨ ਵੀ ਕੀਤੇ। ਇਸ ਤਰੀਕੇ ਨਾਲ ਪੁਰੀ ਦਿੱਲੀ ਵਿਚ ਦਸਤਾਰਬੰਦੀ ਦਿਨ ਮਨਾਇਆ ਗਿਆ।

ਧੰਨ ਹਨ ਸਤਿਗੁਰੂ ਉਦੈ ਸਿੰਘ ਜੀ ਜਿਹਨਾਂ ਨੇ ਸਾਡੀ ਬਾਂਹ ਪਕੜ ਕੇ ਸਾਨੂੰ ਸਿਖੀ ਸਿਦਕ ਅਤੇ ਮਰਯਾਦਾ ਤੋਂ ਡੋਲਣ ਤੋਂ ਬਚਾਇਆ ਹੈ।

*ਬਾਂਹ ਫੜੀ ਸਤਿਗੁਰੂ ਉਦੈ ਸਿੰਘ ਬੜਾ ਹੀ ਕੀਤਾ ਬਚਾਅ,*
*ਹੱਥ ਆ ਜਾਂਦੇ ਕਿਸੇ ਅਵੱਲੇ ਦੇ ਮਰਦੇ ਚੋਟਾਂ ਖਾ।*

ਸਾਉਂਡ ਸਿਸਟਮ ਦੀ ਸੇਵਾ ਗੁਰਦਿਆਲ ਸਿੰਘ, ਆਸਾ ਸਿੰਘ, ਸੰਤਾ ਸਿੰਘ ਨੇ ਕੀਤੀ। ਸੂਬਾ ਜੀ ਦਾ ਢੋਲਕੀ ਛੈਣਿਆਂ ਨਾਲ ਦਿੱਲੀ ਦੇ ਨੌਜਵਾਨਾਂ ਨੇ ਸਾਥ ਦਿੱਤਾ ਜਿਹਨਾਂ ਨੂੰ 13 ਤਾਰੀਕ ਨੂੰ ਸੂਬਾ ਜੀ ਤੋਂ ਸਿਰੋਪਾਓ ਦਿਵਾਏ। ਵੇਰਵਾ-ਜਥੇਦਾਰ ਨਿਸ਼ਾਨ ਸਿੰਘ, ਜਥੇਦਾਰ ਦਰਸ਼ਨ ਸਿੰਘ, ਪ੍ਰਿੰਸ, ਨੰਨਤਾ ਸਿੰਘ, ਆਸਾ ਸਿੰਘ, ਆਤਮਾ ਸਿੰਘ ਆਦਿ। ਇਸ ਤਰ੍ਹਾਂ ਇਹ ਦਸਤਾਰਬੰਦੀ ਮੇਲਾ ਨਿਰਵਿਘਨ ਸਮਾਪਤ ਹੋਇਆ।




**ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ (ਸੰਤ ਗੁਰਦੇਵ ਸਿੰਘ ਲੋੜਵੰਦ ਪਰਿਵਾਰ) ਨੂੰ ਈ-ਰਿਕਸ਼ੇ ਦੀਆਂ ਚਾਬੀਆਂ ਦਿੰਦੇ - ਪਤਵੰਤੇ ਸੱਜਣ।**

Date of Publication: 20/01/2016, Date of Posting: 21-22/01/2016
Posted at PSO New Delhi-110001

RNI NO.55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17



ਬੰਗਲੌਰ ਵਿਖੇ ਸ੍ਰੀ ਸਤਿਗੁਰੂ ਜੀ ਸੰਤ ਰਾਜ ਸਿੰਘ ਦੇ ਗ੍ਰਿਹ ਵਿਖੇ ਚਰਨ ਪਾਉਂਣ ਸਮੇਂ।



ਫਤਿਹਗੜ੍ਹ ਸਾਹਿਬ ਵਿਖੇ ਸ਼ਹੀਦੀ ਮੇਲੇ ਸਮੇਂ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਗਿਆਨੀ ਜੋਗਿੰਦਰ ਸਿੰਘ ਪਰਵਾਰ ਸਮੇਤ ਅਤੇ ਸਾਧ-ਸੰਗਤ ਨਾਲ ਨਤਮਸਤਕ ਹੁੰਦੇ ਹੋਏ।




ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਹੁਕਮ ਅਨੁਸਾਰ ਨਾਮਧਾਰੀ ਸੰਗਤ ਲੁਧਿਆਣਾ ਭਗਵਾਨ ਜਗਨਨਾਥ ਰੱਥ ਦਾ ਸਵਾਗਤ ਕਰਦੀ ਹੋਈ।



ਦਿੱਲੀ ਵਿਖੇ ਸ. ਗੁਰਦੇਵ ਸਿੰਘ ਨੂੰ ਈ ਰਿਕਸ਼ਾ ਦੇਕੇ ਆਰਥਿਕ ਪੱਖੋ ਮਦਦ ਕੀਤੀ ਗਈ।


# SATGURU PARTAP SINGH ACADEMY

(To be affiliated to CBSE)
SRI BHAINI SAHIB, LUDHIANA
Web Site: www.spsa.ac.in Email: principal@spsa.ac.in
Ph : 0161-2833235, 2833003

**REGISTRATION OPEN**
**FOR SESSION 2016-17**
**From Pre-Nur to VIII (LIMITED SEATS)**

Prospectus are available at the SCHOOL RECEPTION and can also be downloaded from the school website
Timings: 9:00 AM to 3:00 P.M.










## SPECIAL FEATURES

Age Limit Pre. Nur. 2+
Age Limit Nur. 3+

- Clean, green & serene campus.
- Well qualified, dedicated & committed teachers.
- Highly equipped Computer, Science, Maths, Social Science Labs of Computer, Physics, Chemistry, Biology, Social Science.
- Projector Room.
- Online School Management System (Techno School Management).
- Well equipped Library, Smart Classes, Language Lab.
- Special coaching facilities for weak students.
- Excellent facilities for sports & games such as Badminton, Hockey, Cricket, Volleyball, Table Tennis, Lawn Tennis.
- Safe Transport Facility.
- Hostel Facility Available.
- Regular Medical Check-Up Arrangement from Satguru Partap Singh Hospital.
- Training is provided in Indian Classical Music & Recitation of Shudh Gurbani.
- Excellent academic, co-curricular & extra curricular activities for the holistic development of the students.

## SITUATION VACANT

Competent, hardworking, dedicated, experienced, computer literate staff with good communication skills for the following posts:-

**Vice Principal:** Minimum 5 years of teaching experience and 3 years as coordinator of a CBSE/Cambridge/ICSE School.

**Post Graduate Teachers – Maths, Physics, Biology, Chemistry**
(Post graduate in concerned subjects with B.Ed. degree )

**Computer Teacher –** MCA/M.Sc (Computer Science) / PGDCA with two years of teaching experience in senior classes.

**Librarian-** M.Lib

**Physical Education Teacher-** M.P. Ed.

**Nursing Sister-** GNM (Min)

**P.T. Instructor** ( Ex.Service Man)

**School Telephone No.-0161-2833235 , 2833003 Mobile : 9411781083**
**website: www.spsa.ac.in, E-mail: principal@spsa.ac.in**


Subscriber's Address

Type setting by: CADCON
Designed by: SHWETA GRAPHICS

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ - 250 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ : ਦੇਸ - 1000 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਣ ਦਾ ਸਮਾਂ-ਸਵੇਰੇ 7.14 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 5.51 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Ravindra Offset Press, A-26, Phase II, Narayana, New Delhi-110028 and published from Namdhari Gurdwara, Ramesh Nagar, New delhi-110015. Editor-Mr.Harvendra Singh Hanspal.
Phone: +91-9212318103, Email: satjugweekly@gmail.com
Issue No.40 of 21 January 2016